ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On Visit on facebook

https://www.facebook.com/awazeqaumtv/videos/194895582124531/

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 24 ਫਰਵਰੀ 2024 (ਨਾਨਕਸ਼ਾਹੀ ਸੰਮਤ : ੫੫੫, ੧੨ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

# ਐਸਾ ਚਾਹੂੰ ਰਾਜ ਮੈਂ, ਯਹਾਂ ਮਿਲੇ ਸਭਨ ਕੋ ਅੰਨ...

## ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼

ਭਾਰਤ ਰਿਸ਼ੀਆਂ, ਮੁੰਨੀਆਂ, ਗੁਰੂਆਂ ਪੀਰਾਂ, ਭਗਤਾਂ, ਯੋਧਿਆਂ, ਸੂਰਬੀਰਾਂ ਦੀ ਧਰਤੀ ਹੈ। ਇਹਨਾਂ ਮਹਾਂਪੁਰਸ਼ਾਂ ਦਾ ਜੀਵਨ ਸਿੱਖਿਆਵਾਂ ਦੇਸ਼ ਨੂੰ ਚਾਨਣ ਮੁਨਾਰੇ ਦਾ ਕੰਮ ਦਿੰਦੇ ਹਨ। ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਵੀ ਇਹਨਾਂ ਮਹਾਨ ਮਹਾਂਪੁਰਸ਼ਾਂ ਵਿੱਚੋਂ ਇੱਕ ਸਨ। ਜਿਹਨਾਂ ਨੂੰ ਬੇਗਮਪੁਰੇ ਦੇ ਮਹਾਨ ਸੰਕਲਪ ਦਾ ਇਨਕਲਾਬੀ ਮੋਢੀ ਕਰਕੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਗੁਰੂ ਰਵਿਦਾਸ ਜੀ ਦਾ ਜਨਮ 1377 ਈਸਵੀ (ਬਿਕਰਮੀ ਸੰਮਤ 1433) ਮਾਘ ਮਹੀਨੇ ਦੀ ਪੂਰਨਮਾਸ਼ੀ ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸੰਤੋਖ ਦਾਸ ਤੇ ਮਾਤਾ ਦਾ ਨਾਮ ਕਲਸਾ ਮੰਨਿਆ ਗਿਆ ਹੈ। ਜਨਮ ਮਿਤੀ ਦੇ ਸਬੂਤ ਵਜੋਂ ਇਹ ਦੋਹਾ ਪ੍ਰਚੱਲਤ ਹੈ:

**ਚੋਦਹ ਸੌ ਤੇਤੀਸ ਕੀ ਮਾਘ ਸੁਦੀ ਪੰਦਰਾਸ**
**ਦੁਖੀਓ ਕੇ ਕਲਿਆਣ ਹਿੱਤ ਪ੍ਰਗਟੇ ਸ੍ਰੀ ਰਵਿਦਾਸ**

ਅਤੇ

**ਮੇਰੀ ਜਾਤ ਕੁਟ ਬਾਡਲਾ ਢੋਰ ਢਵੰਤਾ**
**ਨਿਤਹਿ ਬਨਾਰਸ ਆਸ ਪਾਸਾ।**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਕਾਮ ਸਰਵਾਣਿ ਰਵਿਦਾਸ ਦਾਸ।**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਵਿਦਾਸ ਜੀ ਦੇ ਦਰਜ ਕੀਤੇ 40 ਸ਼ਬਦ, ਇੱਕ ਸਲੋਕ ਅਤੇ ਹੋਰ ਸੋਮਿਆਂ ਤੋਂ ਮਿਲੀ ਗੁਰੂ ਜੀ ਦੀ ਬਾਣੀ ਜਿਸ ਨੂੰ ਸਤਿਗੁਰੂ ਰਵਿਦਾਸ ਅਮ੍ਰਿਤਬਾਣੀ ਦਾ ਨਾਮ ਦਿੱਤਾ ਗਿਆ ਹੈ। ਇਹ ਸਮੁੱਚੀ ਬਾਣੀ, ਵਿਰਤਾਂਤ, ਵਿਆਖਿਆਨ ਪੜ੍ਹਦਿਆਂ ਸੁਣਦਿਆਂ ਸਮਝ ਪੈਂਦੀ ਹੈ ਕਿ ਗੁਰੂ ਜੀ ਧਾਰਮਿਕ, ਸਮਾਜਿਕ, ਆਰਥਿਕ, ਰਾਜਸੀ, ਸੱਭਿਆਚਾਰ ਪ੍ਰਤੀ ਦੂਰਅੰਦੇਸ਼ੀ ਸਨ। ਗੁਰੂ ਜੀ ਦੀ ਬਾਣੀ ਗਿਣਤੀ ਪੱਖੋਂ ਜਿੰਨੀ ਵੀ ਹੈ ਗੁਣਾਂ ਨਾਲ ਭਰਪੂਰ ਹੈ, ਲਬਰੇਜ਼ ਹੈ। ਸਮਾਜ ਦੀ ਭਲਾਈ ਲਈ ਮਾਨਵਤਾ ਦਾ ਸੰਦੇਸ਼ ਦਿੰਦੀ ਹੈ, ਰਾਜਸੀ ਸੂਝ ਦੀ ਪ੍ਰੇਰਨਾ ਲੈ ਕੇ ਡਾ: ਅੰਬੇਡਕਰ ਸਮੇਤ ਮਹਾਨ ਆਗੂ ਰਾਜਨੀਤੀ ਵਿੱਚ ਅੱਗੇ ਵਧਦੇ ਨਜਰ ਆ ਰਹੇ ਹਨ। ਗੁਰੂ ਰਵਿਦਾਸ ਜੀ ਦੀ ਬਾਣੀ ਪੂਜਣਯੋਗ, ਸੰਭਾਲਣਯੋਗ ਅਤੇ ਪ੍ਰਚਾਰਨਯੋਗ ਹੈ। ਇਸ ਤੋਂ ਸਮਾਜ ਨੂੰ ਸੇਧ ਹਾਸਿਲ ਕਰਨੀ ਸਮੇਂ ਦੀ ਮੰਗ ਹੈ।

ਗੁਰੂ ਜੀ ਦੇ ਆਪਣੇ ਮੱਧ ਕਾਲ ਦੌਰਾਨ ਭਾਰਤ ਵਿੱਚ ਭਗਤੀ ਲਹਿਰ ਦੌਰਾਨ ਉਹ ਸਾਰੇ ਹਲਾਤਾਂ ਤੋਂ ਜਾਣੂ ਕਰਵਾਉਣ, ਸਮਾਜ ਦੀ ਏਕਤਾ ਲਈ, ਰਾਜ ਦੀ ਸਥਾਪਤੀ, ਵਧੀਆ ਵਿਵਸਥਾ ਬਿਨਾਂ ਕਿਸੇ ਡਰ ਭੈਅ ਵਾਲਾ ਬੇਗਮਪੁਰੇ ਦਾ ਸੰਕਲਪ ਸਾਨੂੰ ਸਦੀਆਂ ਤੋਂ ਸੁਨੇਹਾ ਦਿੰਦਾ ਆ ਰਿਹਾ ਹੈ ਕਿ ਉੱਠੋ ਜਾਗੋ ਤੇ ਕੁਝ ਕਰੋ। ਗੁਰੂ ਰਵਿਦਾਸ ਜੀ ਨੇ ਆਪਣੀ ਸਮੁੱਚੀ ਬਾਣੀ ਵਿੱਚ ਰੱਬ-ਪ੍ਰਮਾਤਮਾ ਨਾਲ ਵੀ ਗਿਲੇ ਸ਼ਿਕਵੇ/ਸ਼ਿਕਾਇਤ ਕੀਤੀ ਹੈ।

**ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ**
**ਰਵਿਦਾਸ ਦਾਸ ਪਰਾਧੀਨ ਸੇ ਕਉਨ ਕਰੇ ਹੈ ਪ੍ਰੀਤ।**

ਅਤੇ

**ਪਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ**
**ਰਵਿਦਾਸ ਦਾਸ ਪਰਾਧੀਨ ਕੋ ਸਭੀ ਸਭੀ ਸਮਝੇ ਹੀਨ।**

**ਰਵਿਦਾਸ ਜਨਮ ਕੇ ਕਾਰਨੇ ਹੋਤਿ ਨਾ ਕੋਊ ਨੀਚ**
**ਨਰ ਕੋ ਨੀਚ ਕਰ ਡਾਰ ਹੈ ਓਛੇ ਕਰਮ ਕੋ ਕੀਚ।**

ਗੁਰੂ ਰਵਿਦਾਸ ਜੀ ਨੇ ਉੱਚੇ ਨੀਵੇਂ ਦੀ ਗੱਲ ਨੂੰ ਸਿਰੇ ਤੋਂ ਖਾਰਜ ਕੀਤਾ ਅਤੇ ਉਹਨਾਂ ਆਪਣੀ ਬਾਣੀ ਵਿੱਚ ਸਪੱਸ਼ਟ ਕੀਤਾ ਹੈ ਕਿ:

**ਰਵਿਦਾਸ ਬ੍ਰਾਹਮਣ ਮਤ ਪੂਜੀਏ ਜੋ ਹੋਵੇ ਗੁਣਹੀਣ**
**ਪੂਜਹੋ ਚਰਣਿ ਚੰਡਾਲ ਕੇ ਜੋ ਹੋਵੇ ਗੁਣ ਪ੍ਰਵੀਨ।**

ਗੁਰੂ ਰਵਿਦਾਸ ਜੀ ਨਾਮਲੇਵਾ ਭਾਈਚਾਰਾ ਉੱਤਰੀ ਭਾਰਤ, ਦੇਸ਼ਾ ਵਿਦੇਸ਼ਾਂ ਵਿੱਚ ਬੈਠਾ ਉਹਨਾਂ ਨੂੰ ਗੁਰੂ ਮੰਨਕੇ ਬਾਣੀ ਪੜ੍ਹਦਾ ਸੁਣਦਾ ਤੇ ਸਮਝਦਾ ਹੈ। ਗੁਰੂ ਰਵਿਦਾਸ ਬਾਣੀ 'ਚ ਜਿੱਥੇ ਧਾਰਮਿਕ ਸੇਧ ਮਿਲਦੀ ਹੈ ਉੱਥੇ ਮਾਨਸਿਕ ਸੰਤੁਸ਼ਟੀ ਦੇ ਨਾਲ-ਨਾਲ ਸਮਾਜਿਕ, ਰਾਜਨੀਤਿਕ ਕ੍ਰਾਂਤੀ ਦਾ ਬਿਗਲ ਵੀ ਵੱਜਦਾ ਸੁਣਾਈ ਦਿੰਦਾ ਹੈ ਗੁਰੂ ਜੀ ਨੇ ਉਸ ਸਮੇਂ ਚੱਲ ਰਹੇ ਮਾੜੇ ਹਾਲਾਤਾਂ ਦੇ ਬਾਵਜੂਦ ਬਾਣੀ 'ਚ



ਤੀਖਣ, ਉਸਾਰੂ ਤੇ ਅਗਾਂਹਵਧੂ ਸੋਚ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ:-

**ਐਸਾ ਚਾਹੂੰ ਰਾਜ ਮੈਂ,**
**ਯਹਾਂ ਮਿਲੇ ਸਭਨ ਕੋ ਅੰਨ,**
**ਛੋਟ ਬੜੇ ਸਭ ਸਮ ਵਸੇ,**
**ਰਵਿਦਾਸ ਰਹੇ ਪ੍ਰਸੰਨ।**

ਅੱਜ ਜਦੋਂ ਅਸੀਂ ਇਤਿਹਾਸ ਪੜ੍ਹਦੇ ਹਾਂ ਤਾਂ ਇਹ ਤੱਥ ਅਤੇ ਜਾਣਕਾਰੀ ਸਾਹਮਣੇ ਆਉਂਦੀ ਹੈ ਕਿ ਭਾਰਤ ਦੀ ਆਰਥਿਕ ਸਥਿਤੀ ਇੱਕ ਸਮੇਂ ਇੰਨੀ ਮਜਬੂਤ ਸੀ ਕਿ ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ।

ਗੁਰੂ ਰਵਿਦਾਸ ਜੀ ਦੀ ਹਰ ਰਚਨਾ ਅਮਰ ਹੈ। ਉਹਨਾਂ ਦੇ ਦੋ ਸ਼ਬਦ ਵਿਚਾਰ ਲਏ ਜਾਣ ਤਾਂ ਪੂਰੀ ਮਾਨਵਤਾ ਦਾ ਕਲਿਆਣ ਹੋ ਸਕਦਾ ਹੈ।

**ਬੇਗਮਪੁਰਾ ਸ਼ਹਿਰ ਕੋ ਨਉ**
**ਐਸਾ ਚਾਹੂੰ ਰਾਜ ਮੈਂ**
**ਗੁਰੂ ਰਵਿਦਾਸ ਜੀ ਦੀ ਉਸਤਿਤ,**
**ਵਡਿਆਈ ਚਾਰੇ ਪਾਸੇ ਹੋਣ ਲੱਗੀ**

ਇਹ ਭਾਰਤ ਦੇ ਜਾਤ-ਪਾਤ ਦੇ ਢਾਂਚੇ ਤੇ ਪਥਰੀਲੇ ਪੱਥਰ ਹੀ ਕਹੇ ਜਾ ਸਕਦੇ ਹਨ ਜੋ ਧਾਰਮਿਕ ਬੰਦਿਸ਼ਾਂ ਲਗਾਕੇ ਦੇਸ਼ 'ਚ ਬ੍ਰਾਹਮਣ, ਵੈਸ਼, ਕਸ਼ੱਤਰੀ, ਸੂ ਵਰਗ ਗਿਣੀ-ਸਜੀ ਕੋਈ ਸਾਜਿਸ਼ ਨਾਲ ਬਣਾ ਦਿੱਤੇ ਤੇ ਸ਼ੂਦਰ ਵਰਗ ਦੇ ਅਛੂਤ ਸਮਾਜ 'ਚ ਉੱਠੇ ਇੱਕ ਨੇਕ ਇਨਕਲਾਬ ਜਿਸ ਨੇ ਹਜਾਰਾਂ ਸਾਲਾਂ ਤੋਂ ਹਾਸ਼ੀਏ ਤੇ ਕੀਤੇ ਲੋਕਾਂ ਦੀ ਬਾਂਹ ਫੜੀ, ਰੱਬ ਨਾਲ ਗਿਲੇ ਸ਼ਿਕਵੇ ਕੀਤੇ ਅਤੇ ਹਕੂਮਤ ਨੂੰ ਤਰਕ ਦਲੀਲ ਤੇ ਵਿਚਾਰਾਂ ਰਾਹੀਂ ਪ੍ਰਭਾਵਿਤ ਕੀਤਾ। ਉਹਨਾਂ ਅਛੂਤ ਸੰਤਾਂ ਨੂੰ ਭਗਤ ਮੰਡਲੀ, ਸੰਤ ਮੰਡਲੀ ਜਾਂ ਸਾਧੂ ਮੰਡਲੀ ਦੇ ਤੌਰ ਤੇ ਵਰਨਣ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਅਛੂਤ ਸੰਤ ਨੂੰ ਭਗਤ ਦਾ ਦਰਜਾ ਦਿੱਤਾ ਪਰ ਬਾਣੀ ਵਿੱਚ ਭਗਤਾਂ ਦੇ ਅਰਥ ਕੇਵਲ ਭਗਤੀ ਕਰਨਾ ਨਹੀਂ ਸਗੋਂ ਭਗਤੀ ਦਾ ਅਰਥ ਹੈ ਜ਼ੁਲਮ ਦੇ ਖਿਲਾਫ ਬਗਾਵਤ ਕਰਨ ਵਾਲਾ ਸੂਰਮਾ, ਇਨਕਲਾਬੀ ਪੁਰਸ਼, ਸਮਿਆਂ ਤੇ ਸਮਾਜ ਦਾ ਮੂੰਹ ਮੋੜਨ ਵਾਲਾ ਯੋਧਾ ਹੈ।

ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸਾਰੇ ਇੱਕ ਬੀਜਕਣ (ਪ੍ਰਕਿਰਿਆ) ਤੋਂ ਪੈਦਾ ਹੁੰਦੇ ਹਨ ਚਾਹੇ ਉਹ ਬ੍ਰਾਹਮਣ ਹੋਣ ਜਾਂ ਅਛੂਤ। ਇਹ ਗੱਲ ਮੂਰਖ ਲੋਕ ਨਹੀਂ ਸਮਝਦੇ ਕਿ ਸਾਰੇ ਇੱਕ ਹੀ ਤੱਤ ਵਿਧਾਨ ਨਾਲ ਸਿਰਜ ਹੁੰਦੇ ਹਨ।

**ਮੁਸਲਮਾਨ ਸੇ ਕਰ ਦੋਸਤੀ, ਹਿੰਦੂਆਂ ਸੇ ਕਰ ਪ੍ਰੀਤ,**
**ਰਵਿਦਾਸ ਜੋਤਿ ਸਭ ਰਾਮ ਕੀ, ਸਭ ਹੈ ਆਪਣੇ ਮੀਤ।**

ਗੁਰੂ ਸਾਹਿਬ ਦੀ ਉਸਤਿਤ, ਵਡਿਆਈ, ਮਹਾਨਤਾ, ਮਹਾਨ ਭਗਤ, ਸੰਤ, ਗੁਰੂ, ਸਤਿਗੁਰੂ ਦੱਸਣਾ ਤੇ ਮੰਨਣਾ ਇਹ ਗੁਰੂ ਸਾਹਿਬ ਜੀ ਦਾ ਅਸਲ ਜੀਵਨ ਦਰਸ਼ਨ ਤੇ ਮਹਾਂਪੁਰਸ਼ਾਂ, ਗੁਰੂਆਂ ਦੀ ਇੱਕ ਪ੍ਰਕਾਰ ਨਾਲ ਮੋਹਰ ਹੈ, ਥਾਪੜਾ ਹੈ। ਇਹ ਤਰਕ ਦਲੀਲ, ਵਿਗਿਆਨ ਤੇ ਸਮੇਂ ਦਾ ਸੱਚ ਹੈ ਜੋ ਐਸੇ ਮਹਾਂਪੁਰਸ਼ਾਂ ਨੇ ਗੁਰੂ ਰਵਿਦਾਸ ਜੀ ਦੀ ਮਹਿਮਾ, ਉਸਤਿਤ ਕਰਦਿਆਂ ਜੀਓ, ਸੰਤ, ਗੁਰੂ, ਭਗਤ ਮੰਨਿਆ ਹੈ। ਸੰਤ ਕਬੀਰ ਸਾਹਿਬ, ਸੰਤ ਸੈਣ, ਸੰਤ ਮੀਰਾ ਬਾਈ, ਸੰਤ ਪੀਪਾ, ਭਾਈ ਗੁਰਦਾਸ ਜੀ, ਧੰਨਾ ਭਗਤ, ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ, ਭੱਟ ਕਲਸਹਾਰ ਜੀ, ਸੰਤ ਪਲਟੂ, ਸੰਤ ਦਾਦੂ ਦਲਾਲ, ਸੰਤ ਗਰੀਬ ਦਾਸ, ਭਗਤ ਪਿਥੂ ਜੀ, ਸੰਤ ਚਤੁਰਭੁਜ, ਸੰਤ ਹਰਿਦਾਸ, ਬਿਆਸ, ਸੰਤ ਕਲਿਆਣ ਦਾਸ, ਭਗਤ ਰਾਮ ਲਾਲ ਵੀ ਨੇ ਆਪਣੀ ਬਾਣੀ ਲੋਕਾਂ ਰਾਹੀਂ ਗੁਰੂਆਂ, ਸੰਤਾਂ, ਭਗਤਾਂ, ਭੱਟਾਂ, ਵਿਦਵਾਨਾਂ, ਕਵੀਆਂ ਦੀ ਬਾਣੀ ਅਤੇ ਕਵਿਤਾ ਵਿੱਚ ਗੁਰੂ ਰਵਿਦਾਸ ਜੀ ਦੀ ਮਹਿਮਾ ਗਾਈ।

**ਬੇਗਮਪੁਰਾ-ਗਮ ਤੋਂ ਰਹਿਤ**

ਮੈਂ ਜਿਸ ਵਤਨ ਦਾ ਸੁਪਨਾ ਸਿਰਜਿਆ ਹੈ ਉਸ ਦਾ ਨਾਂ ਹੈ ਬੇਗਮਪੁਰਾ। ਉਸਤ ਵਤਨ (ਦੇਸ਼/ਸਮਾਜ) ਵਿੱਚ ਕੋਈ ਗਮ ਨਹੀਂ ਹੋਵੇਗਾ, ਕੋਈ ਦੁੱਖ ਨਹੀਂ ਹੋਵੇਗਾ ਅਤੇ ਨਾ ਹੀ ਕੋਈ ਚਿੰਤਾ ਹੋਵੇਗੀ।

ਗੁਰੂ ਜੀ ਵਿੱਦਿਆ ਦੀ ਘਾਟ ਕਾਰਨ ਵਿਵੇਕ ਬੁੱਧੀ ਦਾ ਦੀਵਾ ਮਲੀਨ ਹੋਣਾ ਮੰਨਦੇ ਹਨ ਅਰਥਾਤ ਦੀਵੇ ਦੀ ਰੌਸ਼ਨੀ ਮੱਧਮ ਪੈ ਗਈ ਹੈ। ਗੁਰੂ ਰਵਿਦਾਸ ਜੀ ਨੇ ਇਸ ਦੇ ਸਬੰਧ ਵਿੱਚ ਹੋਈਆਂ ਗਲਤੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਕਹਿੰਦੇ ਹਨ ਕਿ:-

**ਨਰਪਤਿ ਏਕ ਸਿੰਘਾਸਨ ਸੋਇਆ,**
**ਸੁਪਨੇ ਭਇਆ ਭਿਖਾਰੀ,**
**ਅਛੂਤ ਰਾਜ ਬਿਛਰਤ ਦੁਖ ਪਾਇਆ,**
**ਸੋ ਗਤਿ ਭਈ ਹਮਾਰੀ।**

ਭਾਵ ਕਿ ਇੱਕ ਬਾਦਸ਼ਾਹ ਆਪਣੇ ਰਾਜ ਸਿੰਘਾਸਨ ਉੱਤੇ ਹੀ ਸੌਂ ਗਿਆ ਤੇ ਉਸਨੂੰ ਸੁਪਨਾ ਆਇਆ ਤੇ ਉਹ ਸੁਪਨੇ ਵਿੱਚ ਭਿਖਾਰੀ ਬਣ ਗਿਆ। ਭਿਖਾਰੀ ਹੋਣ ਕਾਰਨ ਉਸਨੂੰ ਬਹੁਤ ਦੁੱਖ ਮਹਿਸੂਸ ਹੋ ਰਿਹਾ ਸੀ, 'ਸੋ ਗਤਿ ਭਈ ਹਮਾਰੀ' ਸੋ ਸਾਡੀ ਹਾਲਤ ਵੀ ਉਹੀ ਬਣੀ ਹੋਈ ਹੈ ਕਿ ਸਾਡੇ ਬਜੁਰਗ ਭਾਰਤ ਦੇ ਰਾਜੇ-ਮਹਾਰਾਜੇ, ਬਾਦਸ਼ਾਹ ਸਿੰਧੂ ਘਾਟੀ ਦੀ ਮਹਾਨ ਸੱਭਿਅਤਾ ਵੇਲੇ ਹੁੰਦੇ ਸਨ।

ਗੁਰੂ ਜੀ ਕਹਿ ਰਹੇ ਹਨ ਕਿ ਮੈਂ 'ਖਲਾਸ' ਅਰਥਾਤ ਅਜਾਦ ਜਾਣੀ ਸੁਤੰਤਰ ਚਮਾਰ ਕਹਿ ਰਿਹਾ ਹਾਂ ਕਿ ਜੋ ਮੇਰਾ 'ਹਮ ਸ਼ਹਿਰੀ' ਬਣੇਗਾ ਭਾਵ ਕਿ ਜੋ ਅਜਾਦ ਹੋ ਜਾਵੇਗਾ 'ਸੁ-ਮੀਤ-ਹਮਾਰਾ' ਉਹੀ ਮੇਰਾ ਮਿੱਤਰ ਹੋਵੇਗਾ।

ਗੁਰੂ ਰਵਿਦਾਸ ਸਮਾਜ ਦੇ ਕਲਿਆਣ ਲਈ ਬੇਗਮਪੁਰਾ ਦੇਣਾ ਚਾਹੁੰਦੇ ਹਨ ਜਿਸ ਵਿੱਚ ਸਮਾਨਤਾ, ਸੁਤੰਤਰਤਾ, ਭਾਈਚਾਰਾ ਅਤੇ ਨਿਆਂ ਕਰਨ ਵਾਲਾ ਪ੍ਰਬੰਧ ਹੋਵੇ। ਜਦੋਂ ਅਸੀਂ ਅਜਿਹੀ ਪੂਰਨ ਬਰਾਬਰੀ ਵਾਲੀ ਵਿਵਸਥਾ, ਰਾਜ-ਭਾਗ ਦੇ ਹੱਕਦਾਰ ਹੋ ਜਾਵਾਂਗੇ ਤਾਂ ਫਿਰ ਸਾਡੇ ਸਤਿਗੁਰੂ ਖੁਸ਼ ਹੋਣਗੇ। ਉਹਨਾਂ ਦੀ ਤਮੰਨਾ, ਚਾਹਤ, ਸੰਕਲਪ ਨੂੰ ਪੂਰਨ ਕਰਨ ਲਈ ਅਮਲ ਤੇਜ ਕਰ ਦਿਓ।

**ਐਸਾ ਚਾਹੂੰ ਰਾਜ ਮੈ ਜਹਾਂ ਮਿਲੇ ਸਭਨ ਕੋ ਅੰਨ,**
**ਛੋਟ ਵਡੇ ਸਭ ਸਮ ਵਸੈ ਰਵਿਦਾਸ ਰਹੇ ਪ੍ਰਸੰਨ।**

ਪ੍ਰਸਿੱਧ ਦਾਰਸ਼ਨਿਕ ਓਸ਼ੋ ਰਜਨੀਸ਼ 'ਮਨ ਹੀ ਪੂਜਾ, ਮਨ ਹੀ ਧੂਫ (ਰਵਿਦਾਸ ਬਾਣੀ) 'ਚ ਲਿਖਦੇ ਹਨ ਕਿ ਭਾਰਤ ਦਾ ਅਕਾਸ਼ ਸੰਤਾਂ ਦੇ ਸਿਤਾਰਿਆਂ ਨਾਲ ਭਰਿਆ ਪਿਆ ਹੈ ਸੰਤ ਰਵਿਦਾਸ ਸਭ ਸਿਤਾਰਿਆਂ ਵਿੱਚ ਧਰੂ ਤਾਰਾ ਹਨ ਇਸ ਲਈ ਕਿ ਸ਼ੂਦਰ ਦੇ ਘਰ ਪੈਦਾ ਹੋ ਕੇ ਵੀ ਕਾਂਸ਼ੀ ਦੇ ਪੰਡਤਾਂ ਨੂੰ ਵੀ ਮੰਨਣ ਲਈ ਮਜਬੂਰ ਕਰ ਦਿੱਤਾ। ਗੁਰੂ ਰਵਿਦਾਸ ਵਿੱਚ ਕੁਝ ਗੱਲ ਹੈ ਕਿ ਪੰਡਤ ਉਹਲਾਂ ਨੂੰ ਪੁੱਟ ਨਹੀਂ ਸਕੇ, ਸਗੋਂ ਸਵੀਕਾਰ ਕਰਨਾ ਪਿਆ। ਉਹਨਾਂ ਦੇ ਵਚਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨਾ।

ਭਾਰਤ ਦੇ ਰਹਿ ਚੁੱਕੇ ਰਾਸ਼ਟਰਪਤੀ ਡਾ: ਆਰ.ਕੇ. ਨਰਾਇਣਨ ਨੇ 28 ਅਗਸਤ 1999 ਨੂੰ ਰਾਸ਼ਟਰਪਤੀ ਭਵਨ 'ਚ ਗੁਰੂ ਰਵਿਦਾਸ ਜੀ ਬਾਰੇ ਕਿਹਾ

Satgur Ravidass was a gread social reformer of medieval era, who preached for spiritual unity, equality and fraternity. His teachings are of more reliavance even today.

ਸੱਚ ਨਾ ਹੁੰਦਾ ਤਾਂ ਸੰਸਾਰ ਜਲ ਉੱਠਦਾ। ਸਮਾਜ ਦੇ ਉਜਵਲ ਭਵਿੱਖ ਲਈ ਸਿੱਖਿਆ, ਸੰਗਠਿਤ ਅਤੇ ਆਪਣੇ ਮਨੁੱਖੀ ਹੱਕਾਂ ਲਈ ਸੰਘਰਸ਼ ਦਾ ਸੰਕਲਪ ਲੈਣ ਦੀ ਲੋੜ ਹੈ।

ਗੁਰੂ ਰਵਿਦਾਸ ਜੀ ਪ੍ਰਮਾਤਮਾ ਦੇ ਅਨੁਆਈ, ਭਗਤ ਸਨ ਉਹ ਰਹਿਨੁਮਾ ਮੰਨਦੇ ਸਨ। ਗੁਰੂ ਸਾਹਿਬ ਨੇ ਜਾਤੀਵਾਦ ਤੇ ਊਚ ਨੀਚ ਖਿਲਾਫ ਪ੍ਰਚਾਰ ਕੀਤਾ।

ਰਵਿਦਾਸ, ਕਬੀਰ, ਨਾਨਕ ਇੱਕ ਦੂਜੇ ਦੇ ਸਮਕਾਲੀ ਮੰਨੇ ਗਏ ਹਨ। ਇਹਨਾਂ ਮਹਾਂਪੁਰਸ਼ਾਂ ਨੇ ਰੂੜੀਵਾਦ ਦਾ ਵਿਰੋਧ ਕਰਕੇ ਮਨੁੱਖੀ ਅਤੇ ਭਾਈਚਾਰੇ ਦਾ ਪ੍ਰਚਾਰ ਪ੍ਰਸਾਰ ਕਰਕੇ ਸਮਾਜ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਗੁਰੂ ਸਾਹਿਬ ਨੇ ਆਪਣੇ ਅਨੁਭਵੀ ਕਰਮ ਤੋਂ ਵਿਸ਼ਵ ਦੇ ਸਮਾਜ ਨੂੰ ਇੱਕ ਨਵਾਂ ਚਿੰਤਨ ਅਤੇ ਨਵੀਂ ਦਿਸ਼ਾ ਦਿੱਤੀ। ••

**ਸੰਤੋਖ ਸਿੰਘ ਜੱਸੀ**
ਪਿੰਡ ਤੇ ਡਾਕਖਾਨਾ: ਚੱਕ ਕਲਾਲ
ਤਹਿ :ਬੰਗਾ, ਜ਼ਿਲ੍ਹਾ: ਸ਼ਹੀਦ ਭਗਤ ਸਿੰਘ ਨਗਰ




ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾਂ ਦੀ ਯੋਗ ਅਗਵਾਈ 'ਚ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਦੁਨਿਆਵੀ ਵਿਦਿਆ ਲਈ ਨਗਰ ਮਹਿਤਾ ਚੌਂਕ ਵਿਖੇ ਚੱਲ ਰਹੇ ਵੱਖ ਵੱਖ ਅਦਾਰਿਆਂ 'ਚ ਨਵੇਂ ਸਾਲ (2024) ਦੀਆਂ ਕਲਾਸਾਂ ਸ਼ੁਰੂ ਹਨ । ਨਵੇਂ ਵਿਦਿਆਰਥੀ ਦਾਖਲੇ ਲੈ ਕੇ ਦੁਨਿਆਵੀ ਅਤੇ ਧਾਰਮਿਕ ਵਿਦਿਆ ਪ੍ਰਾਪਤ ਕਰੋ ਜੀ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7l

awazeqaumtvpunjab@gmail.com

ਸ਼ਨੀਵਾਰ, 24 ਫਰਵਰੀ 2024 (ਨਾਨਕਸ਼ਾਹੀ ਸੰਮਤ : ੫੫੫, ੧੨ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਕਿਸਾਨ ਸ਼ੁੱਭਕਰਨ ਦੇ ਕਾਤਲਾਂ ਨੂੰ ਸਲਾਖਾਂ ਪਿੱਛੇ ਡੱਕਾਂਗੇ, ਜ਼ਿੰਮੇਵਾਰ ਲੋਕਾਂ ਖਿਲਾਫ ਦਰਜ ਹੋਏਗਾ ਕੇਸ : ਭਗਵੰਤ ਮਾਨ

**ਚੰਡੀਗੜ੍ਹ, 23 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਹੈ ਕਿ ਕਿਸਾਨ ਅੰਦੋਲਨ ਦੌਰਾਨ ਖਨੌਰੀ ਸਰਹੱਦ ਉਪਰ ਫਾਇਰਿੰਗ ਦੌਰਾਨ ਮਾਰੇ ਗਏ ਨੌਜਵਾਨ ਕਿਸਾਨ ਸ਼ੁੱਭਕਰਨ ਦੇ ਕਾਤਲਾਂ ਨੂੰ ਸਲਾਖਾਂ ਪਿੱਛੇ ਡੱਕਣ ਲਈ ਸੂਬਾ ਸਰਕਾਰ ਦ੍ਰਿੜ੍ਹ ਹੈ। ਉਨ੍ਹਾਂ ਕਿਹਾ ਕਿ ਇਸ ਨੌਜਵਾਨ ਦੀ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਮਿਸਾਲੀ ਸਜ਼ਾ ਯਕੀਨੀ ਬਣਾਈ ਜਾਵੇਗੀ। ਸੀਐਮ ਮਾਨ ਨੇ ਅਫ਼ਸੋਸ ਜ਼ਾਹਰ ਕੀਤਾ ਕਿ ਜਦੋਂ ਉਹ ਮਹਿਜ਼ ਆਪਣੇ ਜਮਹੂਰੀ ਅਧਿਕਾਰ ਦੀ ਵਰਤੋਂ ਕਰ ਰਿਹਾ ਸੀ ਤਾਂ ਉਸ ਨੂੰ 'ਨਫ਼ਰਤ ਭਰੇ ਲਹਿਜ਼ੇ ਨਾਲ ਚਲਾਈ ਗੋਲੀ' ਦਾ ਸ਼ਿਕਾਰ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਘਿਨਾਉਣੇ ਜੁਰਮ ਲਈ ਜ਼ਿੰਮੇਵਾਰੀ ਵਿਅਕਤੀ ਕਿਸੇ ਵੀ ਤਰ੍ਹਾਂ ਦੀ ਨਰਮੀ ਦੇ ਹੱਕਦਾਰ ਨਹੀਂ ਹਨ ਤੇ ਉਨ੍ਹਾਂ ਨੂੰ ਆਪਣੇ ਗੁਨਾਹ ਦੀ ਢੁਕਵੀਂ ਸਜ਼ਾ ਮਿਲੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਨੌਜਵਾਨ ਦੀ ਮੌਤ ਲਈ ਜ਼ਿੰਮੇਵਾਰ ਬੰਦਿਆਂ ਖ਼ਿਲਾਫ਼ ਜਾਂਚ ਮਗਰੋਂ ਐਫਆਈਆਰ ਦਰਜ ਹੋਵੇਗੀ ਤੇ ਉਨ੍ਹਾਂ ਨੂੰ ਮਿਸਾਲੀ ਸਜ਼ਾ ਯਕੀਨੀ ਬਣਾਈ ਜਾਵੇਗੀ। ਸੀਐਮ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਔਖੀ ਘੜੀ ਵਿੱਚ ਵੀ ਪੰਜਾਬ ਦੇ ਅੰਨਦਾਤੇ ਨਾਲ ਖੜ੍ਹੀ ਹੈ, ਜਿਨ੍ਹਾਂ ਦੇ ਰਾਹ ਵਿੱਚ ਪੰਜਾਬ ਵਿਰੋਧੀ ਤਾਕਤਾਂ ਅੜਿੱਕੇ ਖੜ੍ਹੇ ਕਰ ਰਹੀਆਂ ਹਨ ਤਾਂ ਕਿ ਉਹ ਆਪਣੀਆਂ ਜਾਇਜ਼ ਮੰਗਾਂ ਮੰਨਵਾਉਣ ਲਈ ਸ਼ਾਂਤੀਪੂਰਵਕ ਪ੍ਰਦਰਸ਼ਨ ਕਰਨ ਵਾਸਤੇ ਕੌਮੀ ਰਾਜਧਾਨੀ ਵਿੱਚ ਨਾ ਜਾ ਸਕਣ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ, ਦੇਸ਼ ਨੂੰ ਅਨਾਜ ਪੱਖੋਂ ਆਤਮ-ਨਿਰਭਰ ਬਣਾਉਣ ਤੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਲਾਮਿਸਾਲ ਯੋਗਦਾਨ ਦਿੱਤਾ ਪਰ ਇਸ ਦੇ ਬਾਵਜੂਦ ਪੰਜਾਬੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜੋ ਸਰਾਸਰ ਬੇਇਨਸਾਫ਼ੀ ਤੇ ਧੱਕੇਸ਼ਾਹੀ ਹੈ।

## ਹਰਿਆਣਾ ਪੁਲਿਸ ਦਾ ਯੂ-ਟਰਨ !

# ਕਿਸਾਨ ਲੀਡਰਾਂ 'ਤੇ ਨਹੀਂ ਲੱਗੇਗਾ ਐਨ. ਐਸ. ਏ.



**ਚੰਡੀਗੜ੍ਹ, 23 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਸਰਕਾਰ ਨੇ ਕਿਸਾਨ ਲੀਡਰਾਂ ਉਪਰ ਐਨਐਸਏ ਲਾਉਣ ਦੇ ਆਪਣੇ ਫੈਸਲੇ ਤੋਂ ਯੂ-ਟਰਨ ਲੈ ਲਿਆ ਹੈ। ਹਰਿਆਣਾ ਪੁਲਿਸ ਨੇ ਸਪਸ਼ਟ ਕੀਤਾ ਹੈ ਕਿ ਕਿਸਾਨ ਲੀਡਰਾਂ ਉਪਰ ਐਨਐਸਏ ਨਹੀਂ ਲੱਗੇਗਾ। ਅੰਬਾਲਾ ਰੇਂਜ ਦੇ ਆਈਜੀ ਸਿਬਾਸ਼ ਕਬੀਰਾਜ ਨੇ ਕਿਹਾ ਕਿ ਕਿਸਾਨਾਂ ਉਪਰ ਕੌਮੀ ਸੁਰੱਖਿਆ ਕਾਨੂੰਨ (ਐਨਐਸਏ) ਦੀਆਂ ਧਾਰਾਵਾਂ ਤਹਿਤ ਕਾਰਵਾਈ ਨਹੀਂ ਹੋਏਗੀ। ਹਰਿਆਣਾ ਪੁਲਿਸ ਨੇ ਕੁਝ ਘੰਟਿਆਂ ਬਾਅਦ ਹੀ ਇਸ ਫੈਸਲੇ ਤੋਂ ਯੂ-ਟਰਨ ਲੈ ਲਿਆ ਹੈ। ਆਈਜੀ ਸਿਬਾਸ਼ ਕਬੀਰਾਜ ਨੇ ਕਿਹਾ ਕਿਹਾ ਕਿ ਸਾਰੀਆਂ ਸਬੰਧ ਧਿਰਾਂ ਨੂੰ ਸਪੱਸ਼ਟ ਕੀਤਾ ਜਾਂਦਾ ਹੈ ਕਿ ਅੰਬਾਲਾ ਦੇ ਕੁਝ ਕਿਸਾਨ ਆਗੂਆਂ 'ਤੇ ਰਾਸ਼ਟਰੀ ਸੁਰੱਖਿਆ ਕਾਨੂੰਨ ਦੀਆਂ ਧਾਰਾਵਾਂ ਲਾਉਣ ਦੇ ਮਾਮਲੇ 'ਤੇ ਮੁੜ ਵਿਚਾਰ ਕੀਤਾ ਗਿਆ ਹੈ। ਇਸ ਦੌਰਾਨ ਇਹ ਫੈਸਲਾ ਕੀਤਾ ਗਿਆ ਹੈ ਕਿ ਐਨਐਸਏ ਲਾਗੂ ਨਾ ਕੀਤਾ ਜਾਵੇ। ਆਈਜੀ ਨੇ ਅੱਗੇ ਕਿਹਾ ਹੈ ਕਿ ਹਰਿਆਣਾ ਪੁਲਿਸ ਸਾਰੇ ਪ੍ਰਦਰਸ਼ਨਕਾਰੀਆਂਅਤੇ ਉਨ੍ਹਾਂ ਦੇ ਨੇਤਾਵਾਂ ਨੂੰ ਸ਼ਾਂਤੀ ਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਸਹਿਯੋਗ ਕਰਨ ਦੀ ਬੇਨਤੀ ਕਰਦੀ ਹੈ। ਦੱਸ ਦਈਏ ਕਿ ਇਸ ਤੋਂ ਪਹਿਲਾਂ ਹਰਿਆਣਾ ਪੁਲਿਸ ਨੇ ਅੰਦੋਲਨਕਾਰੀ ਕਿਸਾਨ ਲੀਡਰਾਂ ਖ਼ਿਲਾਫ਼ ਕੌਮੀ ਸੁਰੱਖਿਆ ਕਾਨੂੰਨ (ਐਨਐਸਏ) ਤਹਿਤ ਕਾਰਵਾਈ ਦੀ ਗੱਲ ਕਹੀ ਸੀ। ਅੰਬਾਲਾ ਪੁਲਿਸ ਨੇ ਕਿਹਾ ਸੀ ਕਿ ਧਰਨੇ ਦੌਰਾਨ ਸਰਕਾਰੀ ਜਾਇਦਾਦ ਨੂੰ ਹੋਏ ਨੁਕਸਾਨ ਦੀ ਭਰਪਾਈ ਵੀ ਅੰਦੋਲਨਕਾਰੀ ਕਿਸਾਨ ਆਗੂਆਂ ਤੋਂ ਹੀ ਕਰਵਾਈ ਜਾਵੇਗੀ। ਇਸ ਲਈ ਉਨ੍ਹਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ ਤੇ ਬੈਂਕ ਖਾਤੇ ਜ਼ਬਤ ਕੀਤੇ ਜਾ ਰਹੇ ਹਨ।

## 'ਹਰਿਆਣਾ ਪੁਲਿਸ ਨੇ 'ਅਗਵਾ' ਕੀਤਾ ਸਿੱਖ ਨੌਜਵਾਨ, ਬੋਰੀ 'ਚ ਪਾ ਕੇ ਬੁਰੀ ਤਰ੍ਹਾਂ ਕੀਤੀ ਕੁੱਟਮਾਰ'


**ਚੰਡੀਗੜ੍ਹ, 23 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਖਨੌਰੀ ਬਾਰਡਰ ਉਪਰ ਸੁਰੱਖਿਆ ਬਲਾਂ ਵੱਲੋਂ ਕੀਤੇ ਅੰਨ੍ਹੇਵਾਹ ਬਲ ਪ੍ਰਯੋਗ ਨਾਲ 167 ਕਿਸਾਨ ਜ਼ਖ਼ਮੀ ਹੋਏ ਹਨ। ਇਨ੍ਹਾਂ ਵਿੱਚੋਂ 6 ਦੀ ਹਾਲਤ ਗੰਭੀਰ ਹੈ। ਇਸ ਮੌਕੇ ਕਿਸਾਨਾਂ ਵੱਲੋਂ ਕਈ ਸਾਥੀਆਂ ਦੇ ਅਗਵਾ ਹੋਣ ਦੀ ਗੱਲ ਵੀ ਕਹੀ ਜਾ ਰਹੀ ਹੈ। ਇਸ ਦੌਰਾਨ ਪ੍ਰਿਤਪਾਲ ਸਿੰਘ ਨਾਂਅ ਦੇ ਨੌਜਵਾਨ ਦੀ ਵੀਡੀਓ ਸਾਹਮਣੇ ਆਈ ਹੈ ਜਿਸ ਵਿੱਚ ਉਹ ਜ਼ਖ਼ਮੀ ਹਾਲਤ ਵਿੱਚ ਰੋਹਤਕ ਦੀ ਪੀਜੀਆਈ ਵਿੱਚ ਦਾਖ਼ਲ ਹੈ। ਇਸ ਦੀ ਵੀਡੀਓ ਸਾਂਝੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਭਗਵੰਤ ਨੂੰ ਜੇ ਥੋੜੀ ਜਿਹੀ ਵੀ ਸ਼ਰਮ ਹੈ ਇਨਸਾਨੀਅਤ ਹੈ ਤਾਂ ਟਾਊਟੀ ਛੱਡ ਨੌਜਵਾਨਾਂ ਦੇ ਹੱਕ ਚ ਆਵੇ।



ਕੱਲ ਵੀ ਕਿਹਾ ਸੀ ਕਿ ਕੁਝ 8 ਤੋਂ 10 ਨੌਜਵਾਨਾਂ ਨੂੰ ਹਰਿਆਣਾ ਪੁਲਿਸ ਚੱਕ ਕੇ ਲੈ ਗਈ ਜਿਨਾਂ ਦਾ ਪਤਾ ਨਹੀ ਲੱਗ ਰਿਹਾ। ਉਨ੍ਹਾਂ ਚੋਂ ਇੱਕ ਹੈ ਪ੍ਰਿਤਪਾਲ ਸਿੰਘ ਜਿਸਨੂੰ ਕਿਡਨੈਪ ਕਰ ਹਰਿਆਣਾ ਪੁਲਿਸ ਵੱਲੋਂ ਬਹੁਤ ਤਸ਼ੱਦਤ ਕੀਤੇ ਗਏ! ਮਜੀਠੀਆ ਨੇ ਦਾਅਵਾ ਕੀਤਾ ਕਿ ਪ੍ਰਿਤਪਾਲ ਸਿੰਘ ਨੂੰ ਬੋਰੀ ਚ ਪਾਕੇ ਬਹੁਤ ਬੇਰਹਿਮੀ ਨਾਲ ਕੁੱਟਿਆ ਗਿਆ ਇਨਸਾਨੀਅਤ ਦਾ ਘਾਣ ਕੀਤਾ ਗਿਆ। ਜੋ ਇਸ ਸਮੇਂ ਪੀਜੀਆਈ ਰੋਹਤਕ ਵਿੱਚ ਜੇਰੇ ਇਲਾਜ ਹੈ। 1984 ਵਾਂਗ ਇਹ ਫੋਰਸਾਂ ਨੌਜਵਾਨਾਂ ਨੂੰ ਕਿਡਨੈਪ ਕਰਕੇ ਉਹਨਾਂ ਤੇ ਭਾਰੀ ਜ਼ੁਲਮ ਕਰ ਰਹੀਆਂ ਹਨ। ਪ੍ਰਿਤਪਾਲ ਸਿੰਘ ਤੇ ਝੂਠਾ 307 ਦਾ ਪਰਚਾ ਵੀ ਦਰਜ ਕੀਤਾ ਗਿਆ ਜੋ ਸਰਾਸਰ ਧੱਕਾ ਹੈ। ਮਜੀਠੀਆ ਨੇ ਕਿਹਾ ਕਿ ਮੈ ਮੰਗ ਕਰਦਾ ਹਾਂ ਕੇ ਪ੍ਰਿਤਪਾਲ ਦਾ ਝੂਠਾ ਪਰਚਾ ਰੱਦ ਕਰਕੇ ਹਰਿਆਣਾ ਪੁਲਿਸ ਤੇ ਪਰਚਾ ਦਰਜ ਕੀਤਾ ਜਾਵੇ ਜਿਨ੍ਹਾਂ ਨੇ ਸਾਰੇ ਨੌਜਵਾਨਾਂ ਦਾ ਇਹ ਹਾਲ ਕੀਤਾ ਹੈ ਅਤੇ ਪ੍ਰਿਤਪਾਲ ਸਿੰਘ ਨੂੰ ਜਲਦੀ ਪੰਜਾਬ ਦੇ ਹਸਪਤਾਲ 'ਚ ਭੇਜਿਆ ਜਾਵੇ। ਬਾਕੀ ਨੌਜਵਾਨਾਂ ਬਾਰੇ ਵੀ ਦੱਸਿਆ ਜਾਵੇ ਕਿ ਉਹ ਇਸ ਵਕਤ ਕਿੱਥੇ ਹਨ।

## ਭਾਜਪਾ ਅਕਸ਼ੈ ਕੁਮਾਰ ਨੂੰ ਅੰਮ੍ਰਿਤਸਰ ਲੋਕ ਸਭਾ ਸੀਟ ਲਈ ਉਤਾਰ ਸਕਦੀ ਹੈ ਉਮੀਦਵਾਰ

**ਅੰਮ੍ਰਿਤਸਰ, 23 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਇਸ ਵਾਰ ਲੋਕ ਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ ਵਲੋਂ ਗੁਰੂ ਨਗਰੀ ਤੋਂ ਫ਼ਿਲਮੀ ਐਕਟਰ ਅਕਸ਼ੈ ਕੁਮਾਰ ਨੂੰ ਉਮੀਦਵਾਰ ਬਣਾਉਣ ਦੇ ਚਰਚੇ ਪੂਰੇ ਜ਼ੋਰਾਂ 'ਤੇ ਹਨ, ਜਿਸ ਨੂੰ ਲੈ ਕੇ ਭਾਜਪਾ ਦੇ ਸਥਾਨਕ ਵਰਕਰ ਵੀ ਕਾਫੀ ਉਤਸ਼ਾਹਿਤ ਨਜ਼ਰ ਆ ਰਹੇ ਹਨ। ਭਾਵੇਂ ਗੁਰੂ ਨਗਰੀ ਦੇ ਕੁਝ ਸੀਨੀਅਰ ਭਾਜਪਾ ਲੀਡਰ ਵੀ ਚੋਣ ਲੜਨ ਦੇ ਪੂਰੀ ਤਰ੍ਹਾਂ ਨਾਲ ਇਛੁੱਕ ਦਿਖਾਈ ਦੇ ਰਹੇ ਹਨ ਪਰ ਇਸ ਤੋਂ ਪਹਿਲਾਂ ਵੀ ਭਾਜਪਾ ਲੀਡਰਸ਼ਿਪ ਵਲੋਂ ਅੰਮ੍ਰਿਤਸਰ ਦੇ ਚੋਣ ਮੈਦਾਨ 'ਚ ਕੁਝ ਪੈਰਾਸ਼ੂਟ ਰਾਹੀਂ ਉਮੀਦਵਾਰ ਉਤਾਰੇ ਜਾ ਚੁੱਕੇ ਹਨ, ਜਿਸ ਸਦਕਾ ਇਸ ਗੱਲ ਤੋਂ ਕਦੇ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਵਾਰ ਭਾਜਪਾ ਅਕਸ਼ੈ ਕੁਮਾਰ ਨੂੰ ਉਮੀਦਵਾਰ ਨਹੀਂ ਬਣਾ ਸਕਦੀ। ਉਥੇ ਹੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨੇੜਲੇ ਸਾਥੀ ਸਾਬਕਾ ਵਿਧਾਇਕ ਹਰਜਿੰਦਰ ਸਿੰਘ ਠੇਕੇਦਾਰ ਵੀ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਭਾਜਪਾ ਦੇ ਸੰਭਾਵੀਂ ਉਮੀਦਵਾਰ ਵਜੋਂ ਪੂਰੀਆਂ ਤਿਆਰੀਆਂ ਖਿੱਚੀ ਬੈਠੇ ਹਨ, ਜਿਨਾਂ ਵਲੋਂ ਅੰਮ੍ਰਿਤਸਰ ਸ਼ਹਿਰੀ ਤੇ ਦਿਹਾਤੀ ਖੇਤਰ 'ਚ ਲਗਾਤਾਰ ਮੀਟਿੰਗਾਂ ਕਰਕੇ ਲੋਕਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਲੋਕ ਹਿੱਤ 'ਚ ਕੀਤੇ ਗਏ ਬੇਮਿਸਾਲ ਕੰਮਾਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ। ਸਾਬਕਾ ਵਿਧਾਇਕ ਠੇਕੇਦਾਰ ਦੇ ਸਮੱਰਥਕਾਂ ਦਾ ਮੰਨਣਾ ਹੈ ਕਿ ਜੇਕਰ ਕਿਸੇ ਵਜ੍ਹਾ ਕਾਰਨ ਫ਼ਿਲਮੀ ਐਕਟਰ ਅਕਸ਼ੈ ਕੁਮਾਰ ਅੰਮ੍ਰਿਤਸਰ ਤੋਂ ਉਮੀਦਵਾਰ ਨਹੀਂ ਬਣਦੇ ਤਾਂ ਹਰਜਿੰਦਰ ਸਿੰਘ ਠੇਕੇਦਾਰ ਲੋਕਾਂ 'ਚ ਚੰਗਾ ਆਧਾਰ ਹੋਣ ਕਾਰਨ ਵਿਰੋਧੀਆਂ ਨੂੰ ਲੋਕ ਸਭਾ ਚੋਣਾਂ 'ਚ ਕਰਾਰੀ ਮਾਤ ਦੇ ਕੇ ਇਹ ਸੀਟ ਵੱਡੀ ਲੀਡ ਨਾਲ ਜਿੱਤਣ ਦੇ ਪੂਰੀ ਤਰ੍ਹਾਂ ਨਾਲ ਸਮਰੱਥ ਹਨ। ਜ਼ਿਕਰਯੋਗ ਹੈ ਕਿ ਅਕਾਲੀ-ਭਾਜਪਾ ਗਠਜੋੜ ਕਰਵਾਉਣ ਲਈ ਪੂਰੀ ਸਰਗਰਮੀ ਨਾਲ ਯਤਨਸ਼ੀਲ ਕੈਪਟਨ ਅਮਰਿੰਦਰ ਸਿੰਘ ਆਪਣੇ ਖਾਸ ਸਾਥੀ ਹਰਜਿੰਦਰ ਸਿੰਘ ਠੇਕੇਦਾਰ ਨੂੰ ਭਾਜਪਾ ਦੀ ਟਿਕਟ ਦਿਵਾਉਣ 'ਚ ਵੀ ਅਹਿਮ ਰੋਲ ਨਿਭਾਅ ਸਕਦੇ ਹਨ।



ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

-ਸੰਪਾਦਕ

## ਖਨੌਰੀ ਸਰਹੱਦ 'ਤੇ ਇੱਕ ਹੋਰ ਕਿਸਾਨ ਤੇ ਡੀ.ਐਸ.ਪੀ. ਦੀ ਮੌਤ

**ਸੰਗਰੂਰ, 23 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕਿਸਾਨਾਂ ਦੇ ਅੰਦੋਲਨ ਵਿੱਚ ਇੱਕ ਹੋਰ ਕਿਸਾਨ ਦੀ ਮੌਤ ਹੋਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਪਹਿਲਾਂ 14 ਤਰੀਕ ਨੂੰ ਮਨਜੀਤ ਸਿੰਘ ਨਾਂਅ ਦੇ ਬਜ਼ੁਰਗ ਕਿਸਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ ਅਤੇ ਉਸ ਤੋਂ ਬਾਅਦ 21 ਫਰਵਰੀ ਨੂੰ ਹਰਿਆਣਾ ਪੁਲਿਸ ਦੀ ਗੋਲੀ ਲੱਗਣ ਕਾਰਨ ਸ਼ੁਭਕਰਨ ਨਾਂਅ ਦੇ ਨੌਜਵਾਨ ਦੀ ਮੌਤ ਹੋ ਗਈ ਸੀ ਅਤੇ ਹੁਣ 22 ਫਰਵਰੀ ਦੀ ਰਾਤ ਨੂੰ ਜਰਨੈਲ ਸਿੰਘ ਨਾਂਅ ਦੇ ਬਜ਼ੁਰਗ ਕਿਸਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ।



ਇਸ ਦੌਰਾਨ ਲੁਧਿਆਣਾ ਦੇ ਡੀ. ਐੱਸ. ਪੀ. ਦਿਲਪ੍ਰੀਤ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਸਬੰਧੀ ਡੀ. ਜੀ. ਪੀ. ਪੰਜਾਬ ਗੌਰਵ ਯਾਦਵ ਵਲੋਂ ਟਵੀਟ ਕਰਕੇ ਜਾਣਕਾਰੀ ਸਾਂਝੀ ਕੀਤੀ ਗਈ ਹੈ। ਉਨ੍ਹਾਂ ਨੇ ਐਕਸ 'ਤੇ ਲਿਖਿਆ ਕਿ ਖਨੌਰੀ ਬਾਰਡਰ ਵਿਖੇ ਡਿਊਟੀ ਨਿਭਾ ਰਹੇ ਬਹਾਦਰ ਡੀ.ਐੱਸ. ਪੀ. ਦਿਲਪ੍ਰੀਤ ਸਿੰਘ ਦੀ ਮੌਤ ਹੋ ਗਈ ਹੈ। ਦਿਲਪ੍ਰੀਤ ਸਿੰਘ ਨੇ 31 ਸਾਲਾਂ ਤੋਂ ਵੱਧ ਸਮੇਂ ਤੱਕ ਪੰਜਾਬ ਪੁਲਸ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਕੀਤੀ। ਅਸੀਂ ਇਸ ਦੁੱਖ ਦੀ ਘੜੀ 'ਚ ਉਨ੍ਹਾਂ ਦੇ ਪਰਿਵਾਰ ਨਾਲ ਖੜ੍ਹੇ ਹਾਂ ਅਤੇ ਉਨ੍ਹਾਂ ਦੀ ਮਦਦ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ।



ਡੀ. ਜੀ. ਪੀ. ਨੇ ਲਿਖਿਆ ਕਿ ਸਾਡੀਆਂ ਪ੍ਰਾਰਥਨਾਵਾਂ ਉਨ੍ਹਾਂ ਦੇ ਪਰਿਵਾਰ ਅਤੇ ਨਜ਼ਦੀਕੀਆਂ ਨਾਲ ਹਨ। ਦੱਸਣਯੋਗ ਹੈ ਕਿ ਰਾਸ਼ਟਰੀ ਪੱਧਰ ਦੇ ਤੈਰਾਕ ਦਿਲਪ੍ਰੀਤ ਸਿੰਘ 1992 ਵਿੱਚ ਸਹਾਇਕ ਸਬ-ਇੰਸਪੈਕਟਰ (ਏ.ਐੱਸ.ਆਈ.) ਵਜੋਂ ਪੁਲਸ ਫੋਰਸ ਵਿੱਚ ਭਰਤੀ ਹੋਏ ਸਨ। ਉਨ੍ਹਾਂ ਨੇ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿੱਚ ਸੇਵਾਵਾਂ ਨਿਭਾਈਆਂ ਅਤੇ ਬਾਅਦ ਵਿੱਚ ਸਹਾਇਕ ਪੁਲਿਸ ਸੁਪਰੀਡੈਂਟ ਵਜੋਂ ਤਰੱਕੀ ਦਿੱਤੀ ਗਈ। ਉਨ੍ਹਾਂ ਦੀ ਭੈਣ ਵੀ ਇੱਕ ਅੰਤਰਰਾਸ਼ਟਰੀ ਤੈਰਾਕ ਸੀ। ਆਪਣੀ ਸੇਵਾ ਦੌਰਾਨ ਉਨ੍ਹਾਂ ਨੇ ਕਈ ਕੇਸਾਂ ਨੂੰ ਹੱਲ ਕੀਤਾ।

# ਪੰਜਾਬ



ਨੀ ਅੰਨ ਦਾਤੇ ਜਿਹੜੇ ਦੇਸ਼ ਦੇ,
ਰੱਖਤੇ  ਬਣਾ ਕੇ ਨੀ ਤੂੰ ਮੰਗਤੇ ,
ਸ਼ਾਹਾਂ ਦੇ ਕਰਜ਼ੇ ਤੇ ਲੀਕ ਫੇਰਤੀ
ਕਿਸਾਨ ਮਜ਼ਦੂਰ ਫਾਹੇ ਕਿਉ ਟੰਗਤੇ
ਆ ਕੇ ਲਾਲ ਵਹੀਆਂ ਨੂੰ ਫਰੋਲਣਾ
ਤੇਰੇ ਨਾਲ ਕਰਨ ਹਿਸਾਬ ਆਉਦਾ ਏ
ਰੋਕ ਲੈ ਜੇ ਤੇਰੇ ਕੋਲ਼ੋਂ ਹੁਣ ਰੁਕਦਾ
ਹੱਕ ਲੈਣ ਨੀ ਪੰਜਾਬ ਆਉਂਦਾ ਏ

ਕਿਉ ਸਾਡੇ ਤੂੰ  ਰਸਤੇ ਰੋਕ ਲਏ
ਹੁਣ ਤੇਰੇ ਨਾਲ ਕਰਨਾ ਨਿਬੇੜਾ ਨੀ
ਮੁੱਲ ਸਾਡੀਆਂ ਅਣਖਾਂ ਦਾ ਭੁੱਲ ਗਈ
ਤੇਰਾ ਬਹਿ ਜਾਵੇ ਦਿੱਲੀਏ ਬੈੜਾ ਨੀ
ਪੁੱਤ ਖਾਲਸਾ ਗੋਬਿੰਦ ਸੱਚੀ ਸਰਕਾਰ ਦਾ
ਵੇਖ ਬਣ ਕੇ ਸੈਲਾਬ ਆਉਦਾ ਏ
ਰੋਕ ਲੈ ਜੇ ਤੇਰੇ ਕੋਲ਼ੋਂ ਹੁਣ ਰੁਕਦਾ
ਹੱਕ ਲੈਣ ਨੀ ਪੰਜਾਬ ਆਉਂਦਾ ਏ।

ਅਸੀ ਵਾਰਸ ਹਾਂ ਨਲੂਏ ਸਰਦਾਰ ਦੇ
ਕਿਸੇ ਨਿੱਹਥੇ ਨੂੰ ਨਹੀ ਅਸੀ ਮਾਰਦੇ
ਅਸੀ ਕਫ਼ਨ ਹੈ ਸਿਰਾਂ ਉੱਤੇ  ਬੰਨਿਆਂ
ਜੰਗ ਲੜਦੇ ਹਾਂ  ਨੀ ਆਰ ਪਾਰ ਦੇ
ਤੇਰੀਆਂ ਕੀਤੀਆਂ ਦਾ ਨੀ ਦਿੱਲੀਏ
ਨੀ ਤੈਨੂੰ ਦੇਣ ਹੁਣ ਜਵਾਬ ਆਉਂਦਾ ਏ
ਰੋਕ ਲੈ ਜੇ ਤੇਰੇ ਕੋਲ਼ੋਂ ਹੁਣ ਰੁਕਦਾ
ਹੱਕ ਲੈਣ ਨੀ ਪੰਜਾਬ ਆਉਂਦਾ ਏ

ਨੀ ਤੂੰ ਪਾ ਪਾ ਬੁਰਕੀਆਂ ਵੇਖਦੀ
ਓਹ ਸਾਡਾ ਸਬਰ ਨਾ ਤੂੰ ਅਜ਼ਮਾ
ਪ੍ਰਗਟ ਛੇੜੀਏ ਨਾ ਜੱਟ ਤੇ ਭੁੱਖੇ ਸ਼ੇਰ ਨੂੰ
ਇਹ ਤਾਂ ਕੱਚਿਆਂ ਨੂੰ ਹੀ ਜਾਣ ਚਬਾਅ
ਲੈ ਕੇ ਥਾਪੜਾ ਸੱਚੇ ਤਖ਼ਤ ਅਕਾਲ ਤੋ
ਗਿੱਲ ਬਣਿਆ ਨਵਾਬ ਆਉਂਦਾ ਏ
ਰੋਕ ਲੈ ਜੇ ਤੇਰੇ ਕੋਲ਼ੋਂ ਹੁਣ ਰੁਕਦਾ
ਹੱਕ ਲੈਣ ਨੀ ਪੰਜਾਬ ਆਉਂਦਾ ਏ।

-ਪ੍ਰਗਟ ਸਿੰਘ ਗਿੱਲ ਬਾ.ਗੀ
ਕੋਮੀ ਜਰਨਲ ਸਕੱਤਰ
ਪੀਂਘਾਂ ਸੋਚ ਦੀਆਂ



ਆਵਾਜ਼ਿ ਕੌਮ AWAZE QAUM
International Newspaper & WEB TV





ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako


ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ



ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446



ASA Gas Heating Solution Ltd.

Boilers
Certificates
Gas Work
Cylinders
Maintenance Services

Gas Safety Inspections
Plumbing Work

Vaillant APPROVED INSTALLER
WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ॥

# ਏਕ ਨੂਰ ਸਵੈ-ਸੇਵੀ ਸੰਸਥਾ ਰਜਿ:, ਪਠਲਾਵਾ

ਪਿੰਡ ਪਠਲਾਵਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ

## ਸਵ: ਸ: ਜੁਗਿੰਦਰ ਸਿੰਘ ਸੂਰਾਪੁਰੀ

(ਉਪ ਚੇਅਰਮੈਨ ਏਕ ਨੂਰ ਸਵੈ-ਸੇਵੀ ਸੰਸਥਾ ਪਠਲਾਵਾ) ਦੀ ਯਾਦ ਨੂੰ ਸਮਰਪਿਤ

# 26ਵਾਂ ਸਲਾਨਾ ਸਹਾਇਤਾ ਵੰਡ ਸਮਾਗਮ

### ਪ੍ਰੋਗਰਾਮ



ਪੰਮਾ ਡੂੰਮੇਵਾਲੀਆ

ਮਿਤੀ : 3 ਮਾਰਚ 2024, ਦਿਨ ਐਤਵਾਰ ।

ਸਮਾਂ : ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ।

ਸਥਾਨ : ਸੰਯੋਗ ਕਮਿਊਨਿਟੀ ਹਾਲ, ਲਧਾਣਾ ਉੱਚਾ ।

ਉਦਘਾਟਨ : ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ

ਮੁੱਖ ਮਹਿਮਾਨ : **ਸ: ਇੰਦਰਬੀਰ ਸਿੰਘ** (ਆਈ.ਪੀ.ਐਸ.), ਡੀ.ਆਈ. ਜੀ. ਐਡਮਨਿਸ਼ਟ੍ਰੇਸ਼ਨ ਪੀ.ਏ.ਪੀ. ਜਲੰਧਰ।

ਵਿਸ਼ੇਸ਼ ਮਹਿਮਾਨ:
- ਪਦਮ ਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ, ਮੁੱਖ ਸੰਚਾਲਿਕਾ ਭਾਈ ਘਨੱਈਆ ਜੀ ਚੈਰੀਟੇਬਲ ਟਰੱਸਟ, ਯੂਨੀਕ ਹੋਮ, ਜਲੰਧਰ ।
- ਸ: ਪਿਆਰਾ ਸਿੰਘ ਨੂਰਪੁਰੀ ਕਨੇਡਾ ।
- ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਨਵਾਂਸ਼ਹਿਰ ।॥ ਬੀ.ਡੀ.ਸੀ. ਨਵਾਂਸ਼ਹਿਰ ।
- ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ।
- ਐਸ. ਅਸ਼ੋਕ ਭੌਰਾ ਜਨਰਾਲਿਸਟ (ਉਘੇ ਕਾਲਮ ਨਵੀਸ) ਯੂ.ਐਸ.ਏ. ।

ਸਨਮਾਨਿਤ ਸੰਸਥਾਵਾਂ ਅਤੇ ਸ਼ਖਸੀਅਤਾਂ :
ਭਾਈ ਘਨੱਈਆ ਜੀ ਸੇਵਕ ਦਲ ਜਾਡਲਾ (ਜੋੜਿਆਂ ਦੀ ਫਰੀ ਸੇਵਾ)
ਸ: ਸੁਰਜੀਤ ਸਿੰਘ (ਮੁੱਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਨਵਾਂਸ਼ਹਿਰ
ਸ: ਅਮਰੀਕ ਸਿੰਘ (ਨਿਸ਼ਕਾਮ ਟਿਫਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ

ਸਿਲਾਈ ਮਸ਼ੀਨਾਂ ਦੀ ਵੰਡ : ਆਰਥਿਕ ਪੱਖ ਤੋਂ ਕਮਜ਼ੋਰ ਲੜਕੀਆਂ/ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ ।

ਵੀਹਲ ਚੇਅਰ/ਟ੍ਰਾਈ ਸਾਇਕਲ ਦੀ ਵੰਡ: ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਪ੍ਰਦਾਨ ਕੀਤੇ ਜਾਣਗੇ।

ਵਿਸ਼ੇਸ਼ ਆਕਰਸ਼ਨ : ਪੰਜਾਬੀ ਗਾਇਕ ਸਮਾਜਿਕ ਪੱਖ ਨੂੰ ਉਭਾਰਨ ਵਾਲੇ, ਸੱਭਿਆਚਾਰ ਦੇ ਅਲੰਬਰਦਾਰ **ਪੰਮਾ ਡੂੰਮੇਵਾਲੀਆ** ਆਪਣਾ ਪ੍ਰੋਗਰਾਮ ਪੇਸ਼ ਕਰਨਗੇ ।

ਚਾਹ ਪਕੌੜਿਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ ।

**ਆਪ ਜੀ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ ।**

ਉਡੀਕਵਾਨ : **ਸਮੂਹ ਆਹੁਦੇਦਾਰ ਅਤੇ ਮੈਂਬਰਾਨ ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ, ਨਗਰ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਠਲਾਵਾ ।**

ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ।

ਮੋਬਾ: 98153-48143, 98140-23547




# FSO CALLS SIKH PROTEST

## In support of the Farmers Protest and calling for the release of Amritpal Singh and the Sikh prisoners in Dibrugarh jail

# Sunday 25 February 2-4pm outside the Indian Consulate Birmingham

# ਧੰਨ ਧੰਨ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਦੀਆਂ ਵਧਾਈਆਂ ਜੀ




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# SANT BEANT SINGH JI

BER KALAN WALE | UK TOUR 2024

SAT 2ND MARCH - SUN 3RD MARCH: SOUTHAMPTON

MON 4TH MARCH - SUN 10TH MARCH 7:40-8:20PM:
NANAKSAR THATH ISHER DARBAR, WOLVERHAMPTON, WV3 0JU

MON 11TH MARCH - TUES 12TH MARCH 7:30-8:00PM:
GURU HAR RAI GURDWARA, WEST BROMWICH, B70 6JW

WED 13TH MARCH - FRI 15TH MARCH 6:45-7:45PM:
DARBAR SRI GURU GRANTH SAHIB JI, WALSALL, WS2 9EQ

SAT 16TH MARCH 7:30-8:00PM:
GURU HAR RAI GURDWARA, WEST BROMWICH, B70 6JW


SUN 17TH MARCH 2:00-3:00PM:
GURU HAR RAI GURDWARA, WEST BROMWICH, B70 6JW

SUN 17TH MARCH 6:30-7:30PM:
GURDWARA GURU NANAK PARKASH, COVENTRY, CV1 4FB

MON 18TH - SUN 24TH MARCH
7:30-8:15AM | 10:00-11:00AM | 6:30-7:15PM:
BABA SANG GURDWARA, SMETHWICK, B66 1EE

MON 25TH - SUN 31ST MARCH: SOUTHALL

SANT BEANT SINGH | WHATSAPP: +918530000006




ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਅਵਤਾਰ ਪੁਰਬ







ਅਵਤਾਰ ਪੁਰਬ ਧੰਨ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਅਤੇ ਜਨਮ ਦਿਹਾੜਾ ਸ਼੍ਰੋਮਣੀ ਭਗਤ ਸ਼੍ਰੀ ਰਵਿਦਾਸ ਸਾਹਿਬ ਜੀ ਅਤੇ ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ ਗੰਗਸਰ ਜੈਤੋ ਅਤੇ ( ਤੀਜ਼ੀ ਸਲਾਨਾ ਬਰਸੀ ਕੌਮੀਂ ਯੋਧਾਂ ਭਾਈ ਸੰਦੀਪ ਸਿੰਘ ਉਰਫ਼ ਦੀਪ ਸਿੱਧੂ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

ਚੁਪਹਿਰੇ ਦੇ ਪਾਠਾਂ ਦੀ ਅਰੰਭਤਾ ਹਰ ਐਤਵਾਰ 6:30 ਤੋਂ 9:30 ਵਜ਼ੇ ਤੱਕ ਭੋਗ ਪੈਣਗੇ।

ਸ਼੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 23 ਫਰਵਰੀ ਸ਼ੁਕਰਵਾਰ 10:30 ਹੋਵੇਗੀ ਅਤੇ 25 ਫਰਵਰੀ ਐਤਵਾਰ 10:30 ਵਜੇ ਭੋਗ ਪੈਣਗੇ।

ਸਨੀਵਾਰ 24 ਫਰਵਰੀ ਸ਼ਾਮਾਂ 5 ਵਜੇ ਤੋਂ 8 ਵਜੇ ਤੱਕ ਦੀਵਾਨ ਸੱਜਣਗੇ। ਐਤਵਾਰ 25 ਫਰਵਰੀ 2024 ਸਾਢੇ 10:30 ਵਜੇ ਤੋਂ 12:30 ਦੀਵਾਨ ਸੱਜਣਗੇ।

ਕਥਾ ਵਾਚਕ ਭਾਈ ਬਲਵਿੰਦਰ ਸਿੰਘ ਸੰਧਾ ਯੂ ਕੇ ਵਾਲੇ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਇਹ ਸਾਰੀ ਸੇਵਾ ਭਾਈ ਬਲਜਿੰਦਰ ਸਿੰਘ ਭੋਗਪੁਰ ਨਾਲ ਦੇ ਨੌਜਵਾਨ ਸਾਥੀਆਂ ਵੱਲੋਂ ਲਈ ਗਈ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਆਪਣਾ ਕੀਮਤੀ ਸਮਾਂ ਕੱਢਕੇ ਸ਼ਹੀਦੀ ਅਸਥਾਨ ਤੇ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਦਾਤਾ ਤੇ ਭਗਤ ਸੁਰਮੇ ਜਿਉਂਦੇ ਜਗ ਰਹਿੰਦੇ ਨੇ

# ਸਲਾਨਾ ਬਰਸੀ (ਗੁਰਮਤਿ ਸਮਾਗਮ)

ਸਮੂਹ ਇਲਾਕਾ ਨਿਵਾਸੀ ਸੰਗਤਾ ਨੂੰ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਾਸਾਂ ਦੇ ਗ੍ਰਹਿ **ਪਿੰਡ ਮੁਕੰਦ ਸਿੰਘ ਵਾਲਾ** ਢਾਣੀ ਭੰਗੇ ਵਾਲਾ ਰੋਡ, ਵਿਖੇ






ਸੱਚਖੰਡ ਵਾਸੀ ਸੰਤ ਬਾਬਾ ਨਾਜਰ ਸਿੰਘ ਜੀ ਦੀ

ਸੱਚਖੰਡ ਵਾਸੀ ਬਾਬਾ ਦਲਬੀਰ ਸਿੰਘ ਜੀ ਦੀ

# ਸਲਾਨਾ ਬਰਸੀ

ਮਿਤੀ 25 ਫਰਵਰੀ 2024 ਦਿਨ ਐਤਵਾਰ (13 ਫੱਗਣ)

ਸਵੇਰੇ 10:00 ਤੋਂ 2:00 ਵਜੇ ਤੱਕ

ਦੀਵਾਨ ਸਜਾਏ ਜਾਣਗੇ ਜਿਸ ਵਿਚ ਪਹੁੰਚ ਰਹੇ ਜੱਥੇ

**ਸੰਤ ਬਾਬਾ ਅਮਰਜੀਤ ਸਿੰਘ ਜੀ (ਹਰਖੋਵਾਲ ਵਾਲੇ)**

**ਭਾਈ.ਹਰਦੀਪ ਸਿੰਘ ਜੀ ਖਾਲਸਾ (ਪਟਿਆਲੇ ਵਾਲੇ)**

ਗੁਰੂ ਘਰ ਦੇ ਬਚਨ ਸੁਣਾਕੇ ਕਥਾ ਕੀਰਤਨ ਨਾਲ ਸੰਗਤਾ ਨੂੰ ਨਿਹਾਲ ਕਰਨਗੇ।

ਸੋ ਆਪ ਸਭ ਸੰਗਤਾ ਸਮੇ ਸਿਰ ਪਹੁੰਚ ਕੇ ਗੁਰੂ ਘਰ ਦੀਆ ਖੁਸ਼ੀਆ ਪ੍ਰਾਪਤ ਕਰੋ ਜੀ

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਆਵਾਜ਼ਿ ਕੌਮ AWAZE QAUM International Newspaper & WEB TV

ਬੇਨਤੀ ਕਰਤਾ: ਜਥੇਦਾਰ ਭਾਈ ਅੰਗਰੇਜ ਸਿੰਘ,

ਮੋਬ:94644-07775,79737-77797

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net


# ਕਿਸਾਨਾਂ ਤੇ ਜਬਰ ਜ਼ੁਲਮ ਢਾਹ ਕੇ ਮਨੁੱਖੀ ਅਧਿਕਾਰਾਂ ਦੀ ਕੀਤੀ ਜਾ ਰਿਹੀ ਉਲੰਘਣਾ ਦੇ ਖਿਲਾਫ ਭਾਰਤੀ ਕੌਂਸਲੇਟ ਫਰੈਕਫੋਰਟ ਸਾਹਮਣੇ ਅਜ ਹੋਵੇਗਾ ਰੋਹ ਮੁਜ਼ਾਹਰਾ

ਨਵੀਂ ਦਿੱਲੀ 23 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-ਡਬਲਊ ਐਸ ਓ ਦੇ ਕੋ ਕੋਅਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਪ੍ਰੈਸ ਦੇ ਨਾ ਜਾਰੀ ਬਿਆਨ ਕਰਦਿਆਂ ਹੋਇਆਂ ਕਿਹਾ ਕਿ ਮੰਨੂਵਾਦੀ ਮੋਦੀ, ਅਮਿਤ ਸ਼ਾਹ, ਤੇ ਹਰਿਆਣੇ ਦੇ ਖੱਟਰ ਦੀ ਤਾਨਸ਼ਾਹ ਹਕੂਮਤ ਵੱਲੋ ਆਪਣੀਆਂ ਹੱਕੀ ਮੰਗਾਂ ਵਾਸਤੇ ਦਿੱਲੀ ਸੰਘਰਸ਼ ਕਰਨ ਜਾ ਰਹੇ



ਕਿਸਾਨਾਂ ਨੂੰ ਪੰਜਾਬ ਹਰਿਆਣਾ ਬਾਡਰ ਤੇ ਜਿਸ ਪੱਧਰ ਤੇ ਰੋਕ ਕੇ ਜਿਸ ਤਰ੍ਹਾਂ ਉਹਨਾਂ ਨਾਲ ਘੱਟੀ ਹੱਥ ਕੰਡੇ ਅਪਣਾ ਕੇ ਮਾੜਾ ਸਲੂਕ ਕੀਤਾ ਗਿਆ ਜਿਵੇ ਕਿ ਉਹ ਭਾਰਤ ਦੇ ਨਾਗਰਿਕ ਨਾ ਹੋ ਕੇ ਕਿਸੇ ਵਿਰੋਧੀ ਦੇਸ਼ ਦੇ ਸ਼ਹਿਰੀ ਹੋਣ ਉਹਨਾਂ ਉਪੱਰ ਹੰਝੂ ਗੈਸ ਦੇ ਗੋਲੇ ਰਸਤੇ ਵਿੱਚ ਕਿੱਲਾ, ਕੰਡਿਆਲੀ ਤਾਰਾਂ ਤੋਂ ਅੱਗੇ ਜਾ ਕੇ ਗੋਲੀਆਂ ਦੀਆਂ ਵਛਾੜਾ ਕਰਕੇ ਨੌਜਵਾਨ ਸ਼ੁਭਕਰਨ ਸਿੰਘ ਨੂੰ ਕਤਲ ਸੈਂਕੜੇ ਕਿਸਾਨਾਂ ਨੂੰ ਜਖਮੀ ਕੀਤਾ ਗਿਆ ਜੋ ਕਿ ਅਤਿ ਨਿੰਦਣਯੋਗ ਹੈ ਤੇ ਇਹ ਅੰਤਰਰਾਸ਼ਟਰੀ ਚਾਰਟਰ ਅਨੁਸਾਰ ਮਨੁੱਖੀ ਅਧਿਕਾਰਾਂ ਦੀ ਕੀਤੀ ਜਾ ਰਿਹੀ ਘੋਰ ਉਲੰਘਣਾ ਦੇ ਖਿਲਾਫ ਤੇ ਕਿਸਾਨਾਂ ਨਾਲ ਹਮਦਰਦੀ ਤੇ ਉਹਨਾਂ ਦੀ ਵਿਦੇਸ਼ਾਂ ਵਿੱਚ ਅਵਾਜ ਬਣਨ ਲਈ ਜਰਮਨ ਦੇ ਇਨਸਾਫ਼ ਪਸੰਦ ਲੋਕਾਂ, ਪੰਥਕ ਜਥੇਬੰਦੀਆਂ, ਸਿੱਖ ਸੰਸਥਾਵਾਂ ਦੇ ਸਹਿਯੋਗ ਨਾਲ 24 ਫਰਵਰੀ ਦਿਨ ਸ਼ਨੀਵਾਰ ਨੂੰ ਦੁਪਹਿਰ ਦੇ 1 ਵਜੇ ਤੇ ਸ਼ਾਮ 4 ਵਜੇ ਤੱਕ ਭਾਰਤੀ ਕੌਂਸਲੇਟ ਫਰੈਕਫੋਰਟ ਦੇ ਸਾਹਮਣੇ ਰੋਹ ਮੁਜਾਹਰਾ ਕਰਕੇ ਜਿੱਥੇ ਜਬਰ ਜੁਲਮ ਦਾ ਸ਼ਿਕਾਰ ਕਿਸਾਨਾਂ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਿਆ ਜਾਵੇਗਾ ਉੱਥੇ ਭਾਜਪਈ ਮੋਦੀ ਦੀ ਹਕੂਮਤ ਦੀਆਂ ਕਿਸਾਨਾਂ, ਮਜਦੂਰਾਂ ਤੇ ਘੱਟ ਗਿਣਤੀ ਕੌਮਾਂ ਪ੍ਰਤੀ ਨੀਤੀਆਂ ਦਾ ਪਰਦਾਫਾਂਸ ਕੀਤਾ ਜਾਵੇਗਾ ਇਹ ਨੀਤੀਆਂ ਦੇਸ਼ ਨੂੰ ਤਬਾਹੀ ਵੱਲ ਲੈ ਕੇ ਜਾਣਗੀਆਂ ਉੱਥੇ ਦੇਸ਼ ਦੇ ਕਿਸਾਨਾਂ ਖ਼ਾਸ ਕਰਕੇ ਦੇਸ਼ ਪੰਜਾਬ ਵਿੱਚ ਕਿਸਾਨਾਂ ਤੇ ਕਿਰਤੀ ਮਜ਼ਦੂਰ ਕੀ ਹਰ ਮੱਧਵਰਗੀ ਲੋਕ ਇਸ ਦੀ ਮਾਰ ਤੋ ਪ੍ਰਭਾਵਤ ਹੋਣਗੇ ਜਿਸ ਦਾ ਸਿੱਧੇ ਰੂਪ ਵਿੱਚ ਸਰਮਾਏਦਾਰ ਪੂੰਜੀਪਤੀ ਵਰਗ ਦਾ ਫਾਇਦਾ ਹੈ ਦੇਸ਼ ਪੰਜਾਬ ਦੇ ਵਾਸੀਆਂ ਨਾਲ ਪਿਆਰ ਕਰਨ ਵਾਲੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਹਰ ਪੰਜਾਬੀ ਨੂੰ ਪੰਜਾਬ ਵਿੱਚ ਕਿਸਾਨਾਂ ਮਜਦੂਰਾਂ ਉਪੱਰ ਢਾਹੇ ਜਾ ਰਹੇ ਜਬਰ ਜ਼ੁਲਮ ਪ੍ਰਤੀ ਸੰਘਰਸ਼ ਕਰ ਰਹੇ ਸੰਘਰਸ਼ਕਾਰੀਆਂ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਨ ਤੇ ਉਹਨਾਂ ਦੀ ਮਦੱਦ ਕਰਨ ਦੇ ਨਾਲ ਨਾਲ ਪਾਰਟੀਬਾਜ਼ੀ ਤੇ ਧੜੇਬੰਦੀ ਤੋ ਉਪੱਰ ਉੱਠ ਕੇ ਦਿੱਲੀ ਹਕੂਮਤ ਨੂੰ ਦੱਸਣ ਲਈ ਕਿ ਅਸੀਂ ਵਿਦੇਸ਼ਾਂ ਵਿੱਚ ਰਹਿੰਦੇ ਹੋਏ ਵੀ ਦੇਸ਼ ਪੰਜਾਬ ਦੀ ਰੀੜ ਦੀ ਹੱਡੀ ਕਿਰਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਹਾਂ । ਜੋ ਹਰਿਆਣੇ ਦੀ ਸਰਕਾਰ ਵੱਲੋ ਦਿੱਲੀ ਵਿੱਚ ਸੰਘਰਸ਼ ਕਰਨ ਜਾ ਰਹੇ ਕਿਸਾਨਾਂ ਨੂੰ ਰੋਕਣ ਲਈ ਜੋ ਹੱਥ ਕੰਡੇ ਅਪਣਾਏ ਗਏ ਉਸ ਸਖ਼ਤ ਸ਼ਬਦਾਂ ਵਿੱਚ ਘੋਰ ਨਿੰਦਾ ਕਰਨ ਤੇ ਸ਼ਨੀਵਾਰ ਨੂੰ ਭਾਰਤੀ ਕੌਂਸਲੇਟ ਫਰੈਕਫੋਰਟ ਸਾਹਮਣੇ ਹੋ ਰਹੇ ਰੋਹ ਮੁਜ਼ਾਹਰੇ ਵਿੱਚ ਵੱਧ ਤੋਂ ਸ਼ਾਮਲ ਹੋਈਏ।

ਆਵਾਜ਼ਿ ਕੌਮ AWAZE QAUM International Newspaper & WEB TV






## ਜਗਸੀਰ ਸਿੰਘ ਜੱਗਾ ਆਪਣੇ 200ਸਾਥੀਆਂ ਸਮੇਤ ਹੋਇਆ ਆਮ ਆਦਮੀ ਪਾਰਟੀ 'ਚ ਸ਼ਾਮਿਲ

# ਧੂਰੀ ਚ ਹੋਣਗੇ ਰਿਕਾਰਡ ਤੋੜ ਵਿਕਾਸ : ਪ੍ਰੋ ਓਕਾਰ ਸਿੰਘ ਸਿੱਧੂ



ਧੂਰੀ ( ਰਣਜੀਤ ਸਿੰਘ ਪੇਧਨੀ ) ਇੱਥੋ ਨੇੜਲੇ ਪਿੰਡ ਭੋਜੋਵਾਲੀ ਦੇ ਜੰਪਲ ਜਗਸੀਰ ਸਿੰਘ ਜੱਗਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕ ਭਲਾਈ ਨੀਤੀਆਂ ਤੋਂ ਖੁਸ਼ ਹੋ ਕੇ ਪ੍ਰੋਫੈਸਰ ਓਂਕਾਰ ਦੀ ਅਗਵਾਈ ਵਿੱਚ ਆਪਣੇ 200 ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਇਆ। ਜਿਸ ਵਿੱਚ ਮੁੱਖ ਮੰਤਰੀ ਪੰਜਾਬ ਦੇ ਓਐਸਡੀ ਪ੍ਰੋਫੈਸਰ ਓਂਕਾਰ ਮਾਰਕੀਟ ਕਮੇਟੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ,ਮੁੱਖ ਮੰਤਰੀ ਦੇ ਦਫਤਰ ਇੰਚਾਰਜ ਅੰਮ੍ਰਿਤ ਬਰਾੜ ਆਪ ਆਗੂ ਅਮਰਦੀਪ ਧਾਂਦਰਾ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਹਾਜ਼ਰ ਹਾਜ਼ਰ ਹੋਈ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਆਂ ਓਐਸਡੀ ਓਂਕਾਰ ਸਿੰਘ ਨੇ ਦੱਸਿਆ ਕਿ ਉਹਨਾਂ ਨੂੰ ਇੰਨੇ ਨੌਜਵਾਨ ਬਹੁਤ ਹੀ ਖੁਸ਼ੀ ਹੋ ਰਹੀ ਨਹੀਂ ਤਾਂ ਨੌਜਵਾਨਾਂ ਦਾ ਜ਼ਿਆਦਾ ਰੁਝਾਨ ਵਿਦੇਸ਼ਾਂ ਵੱਲ ਹੀ ਉਹਨਾਂ ਅੱਗੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਧੂਰੀ ਸ਼ਹਿਰ ਵਿੱਚ ਵਿਕਾਸ ਦੇ ਰਿਕਾਰਡ ਤੋੜਨ ਵਾਲੀ ਹੈ। ਕਿ ਮਾਨ ਸਰਕਾਰ ਨੇ ਪਿੰਡਾਂ ਦੇ ਵਿਕਾਸ ਲਈ 18 ਕਰੋੜ ਰੁਪਯਾ ਅਤੇ ਸ਼ਹਿਰ ਦੇ ਵਿਕਾਸ ਲਈ 40 ਕਰੋੜ ਰੁਪਆ ਮਨਜ਼ੂਰ ਕੀਤਾ ਹੈ। ਜਿਸ ਦੇ ਨਾਲ ਸੀਐਮ ਸਿਟੀ ਦੀ ਨੁਹਾਰ ਬਦਲੀ ਜਾਵੇਗੀ ਲਾ ਕੇ ਗੱਲਬਾਤ ਕਰਦੇ ਆ ਕਿਹਾ ਕਿ ਕਿਸੇ ਨੂੰ ਕੋਈ ਵੀ ਸਰਕਾਰੀ ਕੰਮ ਜਾਂ ਨਿਜੀ ਕੰਮ ਹੋਵੇ ਤਾਂ ਉਹ ਮੈਨੂੰ ਮਿਲ ਸਕਦਾ ਹੈ. ਪਾਰਟੀ ਚ ਸ਼ਾਮਿਲ ਹੋਏ ਜਗਸੀਰ ਸਿੰਘ ਜੱਗਾ ਜੱਗਾ ਨੇ ਖੁਸ਼ੀ ਜਾਹਿਰ ਕਰਦਿਆਂ ਉਹ ਪਾਰਟੀ ਦੇ ਨੀਤੀਆਂ ਨੂੰ ਘਰ ਘਰ ਪਹੁੰਚਾਣਗੇ ਉਹਨਾਂ ਆਏ ਹੋਏ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਦਾ ਪਿੰਡ ਵਾਸੀਆਂ ਦਾ ਪਾਰਟੀ ਚ ਸ਼ਾਮਿਲ ਹੋਏ ਨੌਜਵਾਨ ਸਾਥੀਆਂ ਦਾ ਦਿਲੋਂ ਧੰਨਵਾਦ ਕੀਤਾ ਉਹਨਾਂ ਨਾਲ ਹਾਜ਼ਰ ਸਨ। ਇਸ ਮੌਕੇ ਮੌਂਟੀ ਯੂਐਸਏ,ਅਸਰਾ ਹਸਨਪੁਰ ਆਸਟਰੇਲੀਆ, ਰਾਜਵੀਰ ਖਿਪਲ,ਅਮਰੀਕ ਸਿੰਘ ਚੇਅਰਮੈਨ ਵੇਰਕਾ ਪਲਾਂਟ, ਰਾਮ ਸਿੰਘ ਐਕਸ ਸਰਪੰਚ, ਲਛਮਣ ਦਾਸ ਸੋਸਾਇਟੀ ਪ੍ਰਧਾਨ, ਦਾਰਾ, ਬਬੀ,ਬਿੱਟੂ ਮੈਬਰ, ਗੋਗੀ ਭੋਜੋਵਾਲੀ, ਆਪ ਆਗੂ ਬਿੱਲਾ ਸਾਹੀਵਾਲ, ਆਪ ਆਗੂ ਭਿੰਦਾ ਵਿਰਕ, ਆਪ ਆਗੂ ਰਾਜੂ ਲੱਡਾ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV


ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




### ਭਾਕਿਯੂ ਉਗਰਾਹਾਂ ਵੱਲੋਂ ਤਲਵੰਡੀ ਸਾਬੋ ਵਿਖੇ

# ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ, ਹਰਿਆਣਾ ਮੁੱਖ ਮੰਤਰੀ ਅਤੇ ਡੀ ਜੀ ਪੀ ਹਰਿਆਣਾ ਦੇ ਫੂਕੇ ਪੁਤਲੇ

ਤਲਵੰਡੀ ਸਾਬੋ, 23 ਫਰਵਰੀ (ਗੁਰਜੰਟ ਸਿੰਘ ਨਥੇਹਾ)- ਕੇਂਦਰ ਅਤੇ ਹਰਿਆਣਾ ਦੀਆਂ ਭਾਜਪਾ ਸਰਕਾਰਾਂ ਦੇ ਜਾਬਰ ਖ਼ੂੰਖਾਰ ਹੱਲੇ ਖਿਲਾਫ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਵੱਲੋਂ ਲੇਲੇਵਾਲਾ ਮੋਰਚੇ ਤੇ ਲੈਕੇ ਤਲਵੰਡੀ ਸਾਬੋ ਤੱਕ ਰੋਸ ਮੁਜਾਹਰੇ ਕਰਕੇ ਕਚਿਹਰੀਆਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਗ੍ਰਹਿ ਮੰਤਰੀ ਅਨਿਲ ਵਿਜ ਅਤੇ ਹਰਿਆਣਾ ਦੇ ਡੀ.ਜੀ.ਪੀ ਸ਼ਤਰੂਜੀਤ ਕਪੂਰ ਦੇ ਪੁਤਲੇ ਫੂਕੇ ਗਏ।ਅੱਜ ਦੀ ਸਟੇਜ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਅੱਜ ਹਰਿਆਣਾ ਦੇ ਬਾਰਡਰ ਤੇ ਕਿਸਾਨ ਅੰਦੋਲਨ ਵਿੱਚ ਸ਼ਹੀਦ ਹੋਏ ਕਿਸਾਨ ਦਰਸ਼ਨ ਸਿੰਘ ਅਮਰਗੜ੍ਹ (ਬਠਿੰਡਾ) ਨੂੰ ਦੋ ਮਿੰਟ ਦਾ ਮੌਨ ਰੱਖਕੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।ਅੱਜ ਦੇ ਐਕਸ਼ਨ ਪ੍ਰੋਗਰਾਮ ਵਿੱਚ ਜਿਲਾ ਜਰਨਲ ਸਕੱਤਰ ਹਰਜਿੰਦਰ ਸਿੰਘ ਬੱਗੀ ਤੇ ਜਿਲਾ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਭਾਜਪਾ ਹਕੂਮਤ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਹ ਆਪਣੇ ਹੱਕ ਮੰਗਦੇ ਕਿਸਾਨਾਂ ਤੇ ਉਹਨਾਂ ਦੀਆਂ ਮੰਗਾਂ ਪੂਰੀਆਂ ਕਰਨ ਦੀ ਬਜਾਏ ਅਥਰੂ ਗੈਸ, ਲਾਠੀਆਂ, ਪਲਾਸਟਿਕ ਦੀਆਂ ਗੋਲੀਆਂ ਨਾਲ ਜਬਰ ਢਾਹ ਰਹੀ ਹੈ ਅਤੇ ਸਿੱਧੀਆਂ ਗੋਲੀਆਂ ਚਲਾ ਕੇ ਵੀ ਇੱਕ ਕਿਸਾਨ ਨੂੰ ਸ਼ਹੀਦ ਕਰ ਦਿੱਤਾ ਹੈ।ਆਪਣੇ ਹੱਕਾਂ ਲਈ ਦਿੱਲੀ ਧਰਨਾ ਲਾਉਣ ਜਾ ਰਹੇ ਕਿਸਾਨਾਂ ਅੱਗੇ ਵੱਡੀਆਂ ਵੱਡੀਆਂ ਕੰਧਾਂ ਉਸਾਰ ਕੇ ਸੜਕਾਂ ਤੇ ਕਿੱਲ ਗੱਡ ਕੇ ਉਹਨਾਂ ਨੂੰ ਅੱਗੇ ਵਧਣ ਤੋਂ ਹਰਿਆਣਾ ਸਰਕਾਰ ਨੇ ਬਾਰਡਰਾਂ ਤੇ ਹੀ ਰੋਕ ਰੱਖਿਆ ਹੈ। ਇੱਥੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਸਤਾਏ ਹੋਏ ਕਿਸਾਨ ਸੰਘਰਸ਼ਾਂ ਦੇ ਮੈਦਾਨਾਂ ਵਿੱਚ ਸ਼ਹੀਦ ਹੋ ਰਹੇ ਹਨ। ਇੰਟਰਨੈਟ ਦੀਆਂ ਸੇਵਾਵਾਂ ਬੰਦ ਕਰ ਦਿੱਤੀਆਂ ਹਨ।ਆਪਣੀਆਂ ਫਿਰਕਾਪ੍ਰਸਤ, ਭੜਕਾਊ ਅਤੇ ਫੁੱਟਪਾਊ ਤਾਕਤਾਂ ਰਾਹੀਂ ਕਿਸਾਨ ਜਥੇਬੰਦੀਆਂ ਨੂੰ ਆਪਸ ਵਿੱਚ ਅਤੇ ਲੋਕਾਂ ਵਿੱਚੋਂ ਨਖੇੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਹਿਲਾਂ ਮਹੀਨਿਆਂ ਬੱਧੀ ਦਿੱਲੀ ਅੰਦੋਲਨ ਵਿੱਚ ਵੀ ਸਰਕਾਰ ਨੇ ਇਹ ਲਗਾਤਾਰ ਕੋਸ਼ਿਸ਼ਾਂ ਜਾਰੀ ਰੱਖੀਆਂ ਸਨ ਪਰ ਸਰਕਾਰ ਦੀ ਚਾਲ ਉਦੋਂ ਸਮਝਦਾਰ ਅਤੇ ਪੁਰਾਣੇ ਤਜਰਬੇਕਾਰ ਕਿਸਾਨ ਆਗੂਆਂ ਦੀ ਸੂਝ ਬੂਝ ਦੀ ਅਗਵਾਈ ਕਾਰਨ ਕਾਮਯਾਬ ਨਹੀਂ ਹੋ ਸਕੀ। ਕਿਸਾਨ ਆਗੂਆਂ ਨੇ ਸਰਕਾਰਾਂ ਦੀਆਂ ਇਹ ਲੋਕ ਵਿਰੋਧੀ ਤਾਕਤਾਂ ਤੋਂ ਸੁਚੇਤ ਹੋ ਕੇ ਕਿਸਾਨਾਂ ਮਜ਼ਦੂਰਾਂ ਨੂੰ ਆਪਣੇ ਹੱਕਾਂ ਲਈ ਸੰਘਰਸ਼ ਜਾਰੀ ਰੱਖਣ ਦੀ ਅਪੀਲ ਕੀਤੀ। ਉਹਨਾਂ ਮੰਗ ਕੀਤੀ ਕਿ ਕਿਸਾਨਾਂ ਦੀਆਂ ਸਾਰੀਆਂ ਮੰਨੀਆਂ ਹੋਈਆਂ ਤੇ ਹੋਰ ਭੱਖਦੀਆਂ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ, ਭਾਰਤ ਡਬਲਯੂ.ਟੀ.ਓ ਤੋਂ ਬਾਹਰ ਆਵੇ, ਹੱਕਾਂ ਖਾਤਰ ਸੰਘਰਸ਼ ਕਰਨ ਦਾ ਖੋਹਿਆ ਜਾ ਰਿਹਾ ਜਮਹੂਰੀ ਹੱਕ ਬਹਾਲ ਕਰਕੇ ਕਿਸਾਨਾਂ ਨੂੰ ਧਰਨਾ ਲਾਉਣ 'ਤੇ ਲਾਈਆਂ ਰੋਕਾਂ ਪਾਸੇ ਕਰਕੇ ਕਿਸਾਨਾਂ ਨੂੰ ਧਰਨਾ ਲਾਉਣ ਦੀ ਇਜਾਜ਼ਤ ਦਿੱਤੀ, ਕਿਸਾਨਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰਨ ਵਾਲੇ ਤੇ ਹੋਰ ਜਬਰ



ਕਰਨ ਵਾਲੇ ਅਧਿਕਾਰੀਆਂ ਖਿਲਾਫ ਪਰਚੇ ਦਰਜ ਕੀਤੇ ਜਾਣ, ਇੰਟਰਨੈਟ ਦੀਆਂ ਸੇਵਾਵਾਂ ਬਹਾਲ ਕੀਤੀਆਂ ਜਾਣ, ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਪੂਰਾ ਮੁਆਵਜਾ ਅਤੇ ਸਰਕਾਰੀ ਨੌਕਰੀ ਦਿੱਤੀ ਜਾਵੇ ਅਤੇ ਸਮੁੱਚਾ ਕਰਜਾ ਖਤਮ ਕੀਤਾ ਜਾਵੇ। ਕਿਸਾਨ ਆਗੂਆਂ ਨੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 26 ਫਰਵਰੀ ਨੂੰ ਹਾਈਵੇ ਤੇ ਟਰੈਕਟਰ ਖੜੇ ਕਰਕੇ ਡਬਲਯੂ.ਟੀ.ਓ ਦਿਓ ਕੱਦ ਪੁਤਲਾ ਫੂਕਣ ਦੇ ਦਿੱਤੇ ਸੱਦੇ ਵਿੱਚ ਵੱਧ ਤੋਂ ਵੱਧ ਕਿਸਾਨ ਮਜ਼ਦੂਰ ਅਤੇ ਔਰਤਾਂ ਨੂੰ ਟਰੈਕਟਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ।

ਬਲਾਕ ਤਲਵੰਡੀ ਸਾਬੋ ਤੇ ਮੌੜ ਦੇ ਆਗੂਆਂ ਨੇ ਤਹਿਸੀਲ ਕੰਪਲੈਕਸ ਤਲਵੰਡੀ ਸਾਬੋ ਵਿਖੇ ਸੰਬੋਧਨ ਕਰਦਿਆਂ ਚੇਤਾਵਨੀ ਦਿੱਤੀ ਕਿ ਜੇਕਰ ਲੇਲੇਵਾਲਾ ਗੈਸ ਪਾਈਪ ਲਾਈਨ ਮੋਰਚੇ ਸੰਬੰਧੀ ਕਿਸਾਨਾਂ ਨੂੰ ਜਮੀਨ ਦਾ ਮੁਆਵਜ਼ਾ 25 ਫਰਵਰੀ ਤੱਕ ਜਾਰੀ ਨਾ ਕੀਤਾ ਗਿਆ ਤਾਂ ਕਿਸਾਨ ਯੂਨੀਅਨ ਵੱਲੋਂ ਵੱਡਾ ਐਕਸ਼ਨ ਲਿਆ ਜਾਵੇਗਾ। ਇਸ ਸਮੇਂ ਕਾਲਾ ਚੱਠੇਵਾਲਾ, ਕੁਲਵਿੰਦਰ ਸਿੰਘ ਗਿਆਨਾ, ਰਾਜਵਿੰਦਰ ਰਾਮਨਗਰ, ਗੁਰਜੀਤ ਬੰਗੇਹਰ, ਸਿਕੰਦਰ ਘੁੰਮਣ, ਰਣਜੋਧ ਸਿੰਘ ਮਾਹੀਨੰਗਲ ਸਮੇਤ ਹੋਰ ਕਿਸਾਨ ਆਗੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਮੁੱਚੀਆਂ ਕਿਸਾਨ ਜਥੇਬੰਦੀਆਂ ਆਪਣੇ ਵਿਚਾਰਿਕ ਵੱਖਰੇਵਿਆ ਨੂੰ ਪਾਸੇ ਰੱਖਕੇ ਦਿੱਲੀ ਸੰਘਰਸ਼ ਦੀ ਤਰ੍ਹਾਂ ਇਕ ਪਲੇਟਫਾਰਮ ਤੇ ਇਕੱਠੀਆਂ ਹੋਣ : ਮਾਨ

**ਨਵੀਂ ਦਿੱਲੀ, 23 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:-"ਜਦੋਂ ਬੀਜੇਪੀ-ਆਰ.ਐਸ.ਐਸ ਦੀ ਸੈਂਟਰ ਹਕੂਮਤ ਵੱਲੋ ਸਭ ਵਿਧਾਨਿਕ, ਸਮਾਜਿਕ ਅਤੇ ਇਖਲਾਕੀ ਕਦਰਾਂ ਕੀਮਤਾਂ ਦਾ ਘਾਣ ਕਰਕੇ ਇਨਸਾਫ਼ ਮੰਗ ਰਹੇ ਮੁਲਕ ਦੇ ਕਿਸਾਨਾਂ ਉਤੇ ਗੈਰ ਇਨਸਾਨੀ ਤਰੀਕੇ ਨਾਲ ਜ਼ਬਰ ਢਾਹਿਆ ਜਾ ਰਿਹਾ ਹੈ, ਕਿਸਾਨਾਂ ਨੂੰ ਗੋਲੀਆਂ, ਅੱਥਰੂ ਗੈਸ ਦੇ ਗੋਲੇ ਆਦਿ ਨਾਲ ਹਮਲੇ ਕਰਕੇ ਮਾਰਿਆ ਤੇ ਜਖਮੀ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਆਵਾਜ ਨੂੰ ਬੰਦ ਕਰਨ



ਆਵਾਜ਼ਿ ਕੌਮ AWAZE QAUM International Newspaper & WEB TV

ਦੀ ਕੋਸਿਸ ਕੀਤੀ ਜਾ ਰਹੀ ਹੈ ਤਾਂ ਸਮੁੱਚੀਆਂ ਕਿਸਾਨ ਜਥੇਬੰਦੀਆਂ ਨੂੰ ਆਪਣੇ ਵਿਚਾਰਿਕ ਵੱਖਰੇਵਿਆ ਨੂੰ ਪਾਸੇ ਰੱਖਕੇ ਦਿੱਲੀ ਸੰਘਰਸ਼ ਦੀ ਤਰ੍ਹਾਂ ਇਕ ਹੋ ਕੇ ਮੋਦੀ ਹਕੂਮਤ ਦੇ ਜ਼ਬਰ ਵਿਰੁੱਧ ਦ੍ਰਿੜਤਾ ਨਾਲ ਲੜਨਾ ਚਾਹੀਦਾ ਹੈ । ਇਸਦੇ ਨਾਲ ਹੀ ਜੋ ਸਿਆਸੀ ਜਮਾਤਾਂ ਵਿਚਰ ਰਹੀਆ ਹਨ, ਉਨ੍ਹਾਂ ਨੂੰ ਵੀ ਇਸ ਮੌਕੇ ਜ਼ਬਰ ਦਾ ਸਾਹਮਣਾ ਕਰ ਰਹੇ ਕਿਸਾਨ ਵਰਗ ਨਾਲ ਦ੍ਰਿੜਤਾ ਨਾਲ ਖਲੋਕੇ ਇਸ ਬੀਜੇਪੀ-ਆਰ.ਐਸ.ਐਸ. ਦੀ ਹਕੂਮਤ ਨੂੰ ਆਉਣ ਵਾਲੇ ਸਮੇ ਵਿਚ ਇਸ ਮੁਲਕ ਵਿਚੋ ਖਤਮ ਕਰਕੇ ਇਥੇ ਜਮਹੂਰੀਅਤ ਅਤੇ ਅਮਨ ਚੈਨ ਦਾ ਬੋਲਬਾਲਾ ਕਰਨ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿਸਾਨਾਂ ਵੱਲੋ ਵਿਧਾਨਿਕ ਤੇ ਜਮਹੂਰੀਅਤ ਲੀਹਾਂ ਉਤੇ ਆਪਣੀਆ ਜਾਇਜ ਮੰਗਾਂ ਦੇ ਹੱਕ ਵਿਚ ਕੀਤੇ ਜਾ ਰਹੇ ਸੰਘਰਸ ਨੂੰ ਗੈਰ ਵਿਧਾਨਿਕ ਅਤੇ ਗੈਰ ਸਮਾਜਿਕ ਢੰਗਾਂ ਰਾਹੀ ਹੁਕਮਰਾਨਾਂ ਵੱਲੋ ਜ਼ਬਰ ਜੁਲਮ ਕਰਦੇ ਹੋਏ ਇਥੇ ਅਰਾਜਕਤਾ ਫੈਲਾਉਣ ਦੀਆਂ ਕਾਰਵਾਈਆ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਸਭ ਕਿਸਾਨ ਜਥੇਬੰਦੀਆਂ, ਸਿਆਸੀ ਜਮਾਤਾਂ ਨੂੰ ਬੀਜੇਪੀ-ਆਰ.ਐਸ.ਐਸ ਦੀ ਫਿਰਕੂ ਜਾਬਰ ਹਕੂਮਤ ਦਾ ਇਸ ਮੁਲਕ ਵਿਚ ਅੰਤ ਕਰਨ ਦੀ ਗੰਭੀਰ ਗੁਹਾਰ ਲਗਾਉਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਕਿਸਾਨ ਯੂਨੀਅਨਾਂ ਨੇ ਹੁਕਮਰਾਨਾਂ ਨੂੰ ਗੱਲਬਾਤ ਰਾਹੀ ਕਿਸਾਨੀ ਮਸਲੇ ਨੂੰ ਹੱਲ ਕਰਨ ਦਾ ਚੋਖਾ ਸਮਾਂ ਦੇਣ ਉਪਰੰਤ ਵੀ ਜਦੋ ਹੁਕਮਰਾਨ ਕਿਸਾਨਾਂ ਪ੍ਰਤੀ ਉਸੇ ਤਰ੍ਹਾਂ ਬੁਰੱਖੀ ਰੱਖ ਰਹੇ ਹਨ, ਤਾਂ ਕਿਸਾਨ ਵਰਗ ਵੱਲੋ 5 ਦਿਨਾਂ ਦੇ ਦਿੱਤੇ ਗਏ ਅਲਟੀਮੇਟ ਦਾ ਸਮਾਂ ਖਤਮ ਹੋਣ ਉਪਰੰਤ ਸਾਨੂੰ ਸਭਨਾਂ ਨੂੰ 'ਰੇਲ ਰੋਕਣ' ਦੇ ਐਲਾਨੇ ਗਏ ਪ੍ਰੋਗਰਾਮ ਨੂੰ ਸਮੂਹਿਕ ਰੂਪ ਵਿਚ ਕਾਮਯਾਬ ਕਰਨ ਲਈ ਇਤਫਾਕ ਸਹਿਤ ਕਮਰਕੱਸੇ ਕਰ ਲੈਣੇ ਚਾਹੀਦੇ ਹਨ ਅਤੇ ਇਨ੍ਹਾਂ ਜਾਬਰ ਹੁਕਮਰਾਨਾਂ ਨੂੰ ਦੱਸ ਦੇਣਾ ਚਾਹੀਦਾ ਹੈ ਕਿ ਹਕੂਮਤੀ ਜ਼ਬਰ, ਗੋਲੀਆਂ, ਅੱਥਰੂ ਗੈਸ ਅਤੇ ਦੁਸਮਣਾਂ ਦੀ ਤਰ੍ਹਾਂ ਕਿਸਾਨਾਂ ਉਤੇ ਕੀਤੇ ਜਾ ਰਹੇ ਹਮਲੇ ਦਾ ਉਹ ਡੱਟਕੇ ਮੁਕਾਬਲਾ ਵੀ ਕਰਨਗੇ ਅਤੇ ਸਰਕਾਰ ਦੇ ਜਬਰ ਅੱਗੇ ਕਦੀ ਵੀ ਈਨ ਨਹੀਂ ਮੰਨਣਗੇ । ਸ. ਮਾਨ ਨੇ ਸਮੁੱਚੀਆਂ ਸਿਆਸੀ ਜਥੇਬੰਦੀਆਂ, ਵਿਸੇਸ ਤੌਰ ਤੇ ਕਿਸਾਨਾਂ ਨਾਲ ਸੰਬੰਧਤ ਸਭ ਸੰਗਠਨਾਂ ਅਤੇ ਯੂਨੀਅਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਇਹ ਸਮਾਂ ਵੱਖਰੇਵੇ ਉਜਾਗਰ ਕਰਨ ਦਾ ਨਹੀ ਬਲਕਿ ਡੱਟਕੇ ਬੀਜੇਪੀ-ਆਰ.ਐਸ.ਐਸ ਹਕੂਮਤ ਦੀਆਂ ਜਾਬਰ ਨੀਤੀਆ ਦਾ ਸਾਹਮਣਾ ਕਰਦੇ ਹੋਏ ਫਤਹਿ ਵੱਲ ਵੱਧਣ ਦਾ ਹੈ । ਇਸ ਲਈ ਸਭ ਸੰਗਠਨ ਅਤੇ ਜਥੇਬੰਦੀਆਂ ਕਿਸਾਨਾਂ ਦੀ ਲਹਿਰ ਵਿਚ ਬਿਨ੍ਹਾਂ ਝਿਜਕ ਕੁੱਦਕੇ ਇਸ ਨੂੰ ਕਾਮਯਾਬੀ ਦੀ ਟਿੱਸੀ ਉਤੇ ਪਹੁੰਚਾਉਣ ਦੇ ਫਰਜ ਨਿਭਾਉਣ ।




# ਚਾਚੇ ਨੇ ਦੋ ਪੁੱਤਰਾਂ ਤੇ ਹੋਰ ਸਾਥੀਆਂ ਸਮੇਤ ਕੀਤਾ ਭਤੀਜੇ ਦੇ ਘਰ ਤੇ ਹਮਲਾ ਕਰਕੇ ਤਿੰਨੇ ਭਤੀਜੇ ਕੀਤੇ ਜ਼ਖ਼ਮੀ

ਅੰਮ੍ਰਿਤਸਰ, 23 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ) ਬੀਤੇ ਦਿਨੀਂ ਪਿੰਡ ਕਲੇਰ ਰਾਮ ਤੀਰਥ ਵਿਖੇ ਸਕੇ ਚਾਚੇ ਨੇ ਆਪਣੇ ਦੋ ਪੁੱਤਰਾਂ ਤੇ ਹੋਰ ਸਾਥੀਆਂ ਸਮੇਤ ਆਪਣੇ ਭਤੀਜੇ ਦੇ ਘਰ ਤੇ ਜਾਨਲੇਵਾ ਹਮਲਾ ਕਰਕੇ ਤਿੰਨਾਂ ਭਤੀਜਿਆਂ ਨੂੰ ਗੰਭੀਰ ਰੂਪ ਵਿੱਚ ਜਖ਼ਮੀ ਕਰ ਦਿੱਤਾ।ਇਸ ਕੁੱਟ ਮਾਰ ਵਿੱਚ ਜਖ਼ਮੀ ਹੋਏ ਕੁਲਦੀਪ ਸਿੰਘ ਨੇ ਦੱਸਿਆ ਕਿ ਅਵਤਾਰ ਸਿੰਘ ਗੌਂਸਾਬਾਦ ਨੇ ਉਨ੍ਹਾਂ ਦੀ ਪੈਲੀ ਵਿੱਚ ਕਈ ਸਾਲ ਪਹਿਲਾਂ ਆਰਾ ਲਾਇਆ ਸੀ, ਜਿਸ ਦਾ ਕਿਰਾਇਆ ਉਨ੍ਹਾਂ ਦਾ ਚਾਚਾ ਦਲਬੀਰ ਸਿੰਘ ਆੜਤੀ ਵਸੂਲ ਕਰਦਾ ਰਿਹਾ ਸੀ, ਜਿਸਨੂੰ ਕੁਝ ਦਿਨ ਪਹਿਲਾਂ ਸਰਕਾਰੀ ਅਧਿਕਾਰੀਆਂ ਨੇ ਬੰਦ ਕਰਵਾ ਦਿੱਤਾ। ਇਸੇ ਰੰਜਿਸ਼ ਵਿੱਚ ਸੁਖਰਾਜ ਸਿੰਘ, ਹਰਪਾਲ ਸਿੰਘ, ਦਲਬੀਰ ਸਿੰਘ ਆੜਤੀ, ਅਵਤਾਰ ਸਿੰਘ, ਰਸ਼ਪਾਲ ਸਿੰਘ, ਰਾਜਪਾਲ ਸਿੰਘ, ਸੁੱਖ, ਗੋਪੀ, ਹੀਰਾ ਸਾਰੇ ਵਾਸੀ ਗੌਂਸਾਬਾਦ ਨੇ ਕੁਝ ਅਣਪਛਾਤੇ ਵਿਅਕਤੀਆਂ ਨਾਲ ਆਪਣੇ ਘਰ ਖਾਸਾ ਰੋਡ, ਰਾਮ ਤੀਰਥ ਦੇ ਬਾਹਰ ਖੜੇ ਤਿੰਨਾਂ ਭਰਾਵਾਂ ਤੇ ਡਾਂਗਾਂ, ਸੋਟਿਆਂ ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਨ੍ਹਾਂ ਤਿੰਨਾਂ ਭਰਾਵਾਂ ਕੁਲਦੀਪ ਸਿੰਘ, ਹਰਜੀਤ ਸਿੰਘ, ਤੇਜਪਾਲ ਨੂੰ ਗੰਭੀਰ ਰੂਪ ਵਿੱਚ ਜਖ਼ਮੀ ਕਰ ਦਿੱਤਾ।ਦੂਸਰੀ



ਧਿਰ ਨਾਲ ਸੰਪਰਕ ਕਰਨ ਤੇ ਉਨ੍ਹਾਂ ਕਿਹਾ ਕਿ ਆਹਮੋ- ਸਾਹਮਣੀ ਹੋਈ ਲੜਾਈ ਵਿੱਚ ਉਨ੍ਹਾਂ ਦੇ ਬੰਦੇ ਵੀ ਜਖ਼ਮੀ ਹੋਏ ਹਨ। ਇਸ ਸਬੰਧੀ ਚੌਂਕੀ ਰਾਮ ਤੀਰਥ ਦੇ ਇੰਚਾਰਜ ਪਰਸ਼ੋਤਮ ਕੁਮਾਰ ਨੇ ਦੱਸਿਆ ਕਿ ਦੋਹਾਂ ਧਿਰਾਂ ਵੱਲੋਂ ਦਰਖਾਸਤਾਂ ਆਈਆਂ ਹਨ, ਪੁਲਿਸ ਵੱਲੋਂ ਇਸਦੀ ਜਾਂਚ ਕੀਤੀ ਗਈ ਹੈ, ਜੋ ਵੀ ਦੋਸ਼ੀ ਸਿੱਧ ਹੋਇਆ ਉਸ ਖਿਲਾਫ਼ ਕਾਰਵਾਈ ਕੀਤੀ ਜਾਵੇਗੀ।

## ਕਿਸਾਨ ਮਜ਼ਦੂਰ ਸਘੰਰਸ਼ ਕਮੇਟੀ ਵੱਲੋਂ ਅਮਿਤ ਸ਼ਾਹ ਦਾ ਪੁਤਲਾ ਫੂਕਿਆ

# ਕਿਸਾਨ ਮਜ਼ਦੂਰ ਸਘੰਰਸ਼ ਕਮੇਟੀ ਨੇ ਅੱਜ ਦਿਨ ਨੂੰ ਕਾਲੇ ਦਿਨ ਵਜੋਂ ਮਨਾਇਆ

**ਚੌਂਕ ਮਹਿਤਾ, 23 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਕਿਸਾਨ ਮਜ਼ਦੂਰ ਸਘੰਰਸ਼ ਕਮੇਟੀ ਵੱਲੋਂ ਕਸਬਾ ਮਹਿਤਾ ਚੌਂਕ ਵਿਖੇ ਭਰਤੀ ਜਨਤਾ ਪਾਰਟੀ ਦੇ ਨਰਿੰਦਰ ਮੋਦੀ,ਅਮਿਤ ਅਤੇ ਹਰਿਆਣਾ ਦੇ ਮੁੱਖ ਮੰਤਰੀ ਖੱਟੜ ਵਿਰੁੱਧ ਭਾਰੀ ਨਾਅਰੇਬਾਜੀ ਤੇ ਅਮਿਤ ਸ਼ਾਹ ਦਾ ਪੁਤਲਾ ਫੂਕ ਕੇ ਰੋਸ਼ ਪ੍ਰਦਰਸਨ ਕੀਤਾ।ਕਿਸਾਨ ਆਗੂਆਂ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਸਰਕਾਰ ਖ਼ਿਲਾਫ਼ ਭਾਰਤ ਦੇ ਕਿਸਾਨ ਆਪਣੀਆਂ ਜ਼ਮੀਨਾਂ ਬਚਾਉਣ ਲਈ ਅਤੇ ਫਸਲਾਂ ਦੇ ਲਾਹੇਵੰਦ ਭਾਅ ਖਰੀਦ ਗਰੰਟੀ ਲਈ ਸ਼ਾਂਤਮਈ ਅੰਦੋਲਨ ਕਰ ਰਹੇ ਹਨ ਕੇਂਦਰ ਦੀ ਮੋਦੀ ਸਰਕਾਰ ਟਾਲ ਮਟੋਲ ਦੀ ਨੀਤੀ ਨਾਲ਼ ਆਪਣੇ ਰਾਜ ਦਾ ਸਮਾਂ ਲੰਘਾ ਰਹੀਂ ਹੈ ਅੱਜ ਦੇ ਇਸ ਰੋਸ ਪ੍ਰਦਰਸ਼ਨ ਸਮੇਂ ਸ਼ਾਂਤਮਈ ਕਿਸਾਨ ਅੰਦੋਲਨ ਵਿਚ ਲੜ ਰਹੇ ਸ਼ੁਭਕਰਨ ਸਿੰਘ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ ਕਿਸਾਨਾਂ ਵੱਲੋਂ ਉਸ ਨੌਜਵਾਨ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਅੱਜ ਦਿਨ ਨੂੰ ਕਾਲੇ ਦਿਨ ਵਜੋਂ ਮਨਾਇਆ ਗਿਆ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਅਤੇ ਆਮ ਲੋਕਾਂ ਨੂੰ ਝੂਠੇ ਲਾਰੇ ਲਾ ਕੇ ਲੋਕਾਂ ਦੀ ਲੁੱਟ ਕਰਦੀ ਆ ਰਹੀ ਹੈ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਸਬਜ਼ਬਾਗ ਦਿਖਾ ਕੇ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕਰ ਰਹੀ ਹੈ ਆਪਣੇ ਵਾਅਦਿਆਂ ਤੋਂ ਮੁੱਕਰ ਕੇ ਕਿਸਾਨ ਮਾਰੂ ਨੀਤੀਆਂ ਨੂੰ ਲਾਗੂ ਕਰ ਰਹੀ ਹੈ।ਇਸ ਮੌਕੇ ਪ੍ਰਧਾਨ ਪ੍ਰੇਮ ਕੁਮਾਰ ਮਹਿਤਾ, ਬਲਵਿੰਦਰ ਸਿੰਘ ਸੈਦੋਕੇ, ਅਮਰਜੀਤ ਸਿੰਘ ਰੰਧਾਵਾ, ਕੁਲਦੀਪ ਸਿੰਘ ਰੰਧਾਵਾ,ਡਾਂ ਜਸਪਾਲ ਸਿੰਘ ਚੂੰਗ,ਫੋਜੀ ਹਰਦੇਵ ਸਿੰਘ ਚੂੰਗ,ਸੋਨਾ ਖੱਬੇਰਾਜਪੂਤ, ਬਿੱਟੂ ਚੂੰਗ ਤੇ ਹੋਰ ਬਹੁਤ ਸਾਰੇ ਕਿਸਾਨ ਮਜ਼ਦੂਰ ਸਘੰਰਸ਼ ਕਮੇਟੀ ਦੇ ਮੈਂਬਰ ਹਾਜ਼ਰ ਸਨ।



# ਪੱਲਸ ਪੋਲੀਓ ਰਾਓਂਡ ਲਈ ਤਿਆਰੀਆਂ ਮੁਕੰਮਲ: ਡਾ ਭਾਰਤੀ ਧਵਨ



ਚੌਂਕ ਮਹਿਤਾ 23 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)ਸਿਹਤ ਵਿਭਾਗ ਵਲੋਂ ਵਿਸ਼ਵ ਸਿਹਤ ਸੰਗਠਨ ਵਲੋਂ ਮਿਤੀ 3,4,ਅਤੇ 5 ਮਾਰਚ 2024 ਨੂੰ ਕੀਤੇ ਜਾਣ ਵਾਲੇ ਪੱਲਸ ਪੋਲੀਓ ਰਾਓਂਡ ਦੀ ਕਾਮਯਾਬੀ ਲਈ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵੱਖ-ਵੱਖ ਬਲਾਕਾ ਦੇ ਸੀਨੀਅਰ ਮੈਡੀਕਲ ਅਫਸਰ, ਸ਼ਹਿਰੀ ਮੈਡੀਕਲ ਅਫਸਰ, ਬੀ.ਈ.ਈ. ਅਤੇ ਪੈਰਾ ਮੈਡੀਕਲ ਸਟਾਫ ਨੇ ਸ਼ਮੂਲੀਅਤ ਵਿਚ ਕੀਤੀ ਗਈ। ਇਸ ਅਵਸਰ ਤੇ ਜਿਲ੍ਹਾ ਟੀਕਾਕਰਨ ਅਫਸਰ ਡਾ ਭਾਰਤੀ ਧਵਨ ਨੇ ਕਿਹਾ ਕਿ ਪਲਸ ਪੋਲੀਓ ਰਾਂਓਡ ਲਈ ਤਿਆਰੀਆਂ ਮੁਕੰਮਲ ਕੀਤੀਆਂ ਜਾ ਚੱਕੀਆਂ ਹਨ।ਬੇਸ਼ਕ ਭਾਰਤ ਪੋਲਿਓ ਮੁਕਤ ਦੇਸ਼ਾ ਦੀ ਗਿਣਤੀ ਵਿਚ ਆ ਚੁੱਕਾ ਹੈ, ਪਰ ਫਿਰ ਵੀ ਇਸ ਮੁਕਾਮ ਨੂੰ ਬਰਕਰਾਰ ਰੱਖਣ ਲਈ ਵਿਸ਼ਵ ਸਿਹਤ ਸੰਗਠਨ ਵਲੋ ਇਹ ਰਾਊਡ ਚਲਾਏ ਜਾ ਰਹੇ ਹਨ ਉਨਾ ਨੇ ਕਿਹਾ ਪੋਲੀਓ ਵਰਗੀ ਲਾ-ਇਲਾਜ ਬਿਮਾਰੀ ਨਾਲ ਨਜਿਠਣ ਲਈ ਇਕਲੇ ਸਿਹਤ ਵਿਭਾਗ ਨੂੰ ਹੀ ਕਮਰਬੰਦ ਹੋਣ ਦੇ ਨਾਲ ਬਾਕੀ ਵਿਭਾਗਾਂ ਦੇ ਸਹਿਯੋਗ ਦੀ ਉਨੀ ਹੀ ਲੋੜ ਹੈ।ਇਸ ਆਓਣ ਵਾਲੇ ਰਾਊਡ ਲਈ ਸਿਹਤ ਵਿਭਾਗ ਵਲੋ ਮੁਕੰਮਲ ਤੋਰ ਤੇ ਤਿਆਰੀ ਕਰ ਲਈ ਗਈ ਹੈ। ਉਨਾਂ ਆਏ ਹੋਏ ਸਮੂਹ ਸੀਨੀਅਰ ਮੈਡੀਕਲ ਅਫਸਰ ਅਤੇ ਸ਼ਹਿਰੀ ਮੈਡੀਕਲ ਅਫਸਰਾ ਨੂੰ ਹਦਾਇਤ ਕੀਤੀ ਕਿ ਇਸ ਰਾਊਡ ਵਿਚ ਨਵ-ਜਨਮੇ ਬੱਚੇ ਤੋ ਲੈਕੇ 5 ਸਾਲ ਤੱਕ ਦਾ ਕੋਈ ਵੀ ਬੱਚਾ ਜੀਵਨ ਰੁਪੀ ਪੋਲੀਓ ਦੀਆ 2 ਬੂੰਦਾਂ ਤੋ ਵਾਂਝਾ ਨਹੀ ਰਹਿਣਾ ਚਾਹੀਦਾ।ਇਸ ਮੌਕੇ ਤੇ ਡਾ ਰਾਘਵ ਗੁਪਤਾ ਨੇ ਕਿਹਾ ਕਿ ਇਸ ਰਾਊਡ ਤਹਿਤ 2782768 ਅਬਾਦੀ ਦੇ 551168 ਘਰਾਂ ਵਿੱਚ ਰਹਿੰਦੇ 0 ਤੋ 5 ਸਾਲ ਦੇ 295839 ਬੱਚਿਆ ਨੂੰ 1520 ਟੀਮਾਂ ਵਲੋ ਪੋਲੀਓ ਦੀਆਂ 2 ਬੂੰਦਾਂ ਪਿਲਾਈਆ ਜਾਣਗੀਆ ਅਤੇ 275 ਸੁਪਰਵਾਈਜਰਾ ਵਲੋ ਇਨਾਂ ਦਾ ਨਿਰੀਖਣ ਕੀਤਾ ਜਾਵੇਗਾ। ਇਸ ਮੌਕੇ ਜਿਲ੍ਹਾ ਮਾਸ ਮੀਡੀਆ ਅਫਸਰ ਰਾਜ ਕੌਰ, ਡਿਪਟੀ ਐਮ.ਈ.ਆਈ.ਓ. ਸੁਖਵਿੰਦਰ ਕੌਰ, ਕਮਲ ਭੱਲਾ, ਪਵਨਦੀਪ ਸਿੰਘ, ਕੰਵਲਜੀਤ ਕੌਰ, ਸਮੂਹ ਸਨੀਅਰ ਮੈਡੀਕਲ ਅਫਸਰ, ਅਰਬਨ ਮੈਡੀਕਲ ਅਫਸਰ, ਬੀ.ਈ.ਈ. ਅਤੇ ਪੇਰਾ ਮੈਡੀਕਲ ਸਟਾਫ ਆਦੀ ਹਾਜਰ ਸਨ।

# ਕਨੈਡੀਅਨ ਸਿੱਖਾਂ ਨੇ ਕਿਸਾਨ ਕਾਰਕੁਨਾਂ ਵਿਰੁੱਧ ਭਾਰਤ ਦੀ ਹਿੰਸਕ ਕਾਰਵਾਈ ਨੂੰ ਵਿਦੇਸ਼ ਮੰਤਰੀ ਮੈਲਿਨੀ ਜੌਲੀ ਕੋਲ ਉਠਾਇਆ

## ਹਿੰਦੁਸਤਾਨੀ ਰਾਜ ਸਿੱਖ ਪ੍ਰਦਰਸ਼ਨਕਾਰੀਆਂ ਨੂੰ ਭੰਡਦੇ ਹੋਏ ਆਪਣੀ ਬਿਆਨਬਾਜ਼ੀ ਨੂੰ ਰਿਹਾ ਹੈ ਵਧਾ




**ਨਵੀਂ ਦਿੱਲੀ, 23 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:-ਕਨੈਡਾ ਵਿਖੇ ਬੀ ਸੀ ਅਤੇ ਉਨਟਾਰੀਓ ਗੁਰਦਵਾਰਾ ਕਮੇਟੀ ਵਲੋਂ ਭਾਈ ਮੋਨਿੰਦਰ ਸਿੰਘ ਅਤੇ ਭਾਈ ਅਮਰਜੀਤ ਸਿੰਘ ਮਾਨ ਨੇ ਹਿੰਦੁਸਤਾਨ ਵਿਚ ਆਪਣੀ ਮੰਗਾ ਲਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਉਪਰ ਸਰਕਾਰ ਵਲੋਂ ਕੀਤੀ ਗਈ ਹਿੰਸਕ ਕਾਰਵਾਈ ਦੀ ਨਿੰਦਾ ਕਰਦਿਆਂ ਇਸ ਮਾਮਲੇ ਤੇ ਕਨੈਡਾ ਦੇ ਵਿਦੇਸ਼ ਮੰਤਰੀ ਮੈਲਿਨੀ ਜੌਲੀ ਨੂੰ ਚਿੱਠੀ ਲਿਖ ਮਸਲੇ ਨੂੰ ਉਠਾਇਆ ਹੈ । ਉਨ੍ਹਾਂ ਲਿਖਿਆ ਕਿ ਅਸੀਂ ਹਾਲ ਹੀ ਦੇ ਦਿਨਾਂ ਵਿੱਚ ਪੰਜਾਬ-ਹਿੰਦੁਸਤਾਨ ਸਰਹੱਦਾਂ ’ਤੇ ਨੀਮ ਫੌਜੀ ਦਸਤਿਆਂ ਦੀ ਲਾਮਬੰਦੀ ਅਤੇ ਕਿਸਾਨ ਕਾਰਕੁਨਾਂ ਦੇ ਜਬਰ ਬਾਰੇ ਚਿੰਤਾਵਾਂ ਨੂੰ ਉਠਾਉਣ ਲਈ ਲਿਖ ਰਹੇ ਹਾਂ। ਅਸੀਂ ਤੁਹਾਨੂੰ ਇਹ ਯਕੀਨੀ ਬਣਾਉਣ ਲਈ ਕਨੈਡਾ ਵਿੱਚ ਹਿੰਦੁਸਤਾਨ ਦੇ ਹਾਈ ਕਮਿਸ਼ਨ ਕੋਲ ਤੁਰੰਤ ਇਸ ਨੂੰ ਉਠਾਉਣ ਦੀ ਅਪੀਲ ਕਰਦੇ ਹਾਂ ਤਾਂ ਜੋ ਨਾਗਰਿਕ ਆਜ਼ਾਦੀਆਂ ਅਤੇ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕੀਤੀ ਜਾ ਸਕੇ। ਕੈਨੇਡਾ ਭਰ ਦੇ ਭਾਈਚਾਰੇ ਹਿੰਸਾ ਦੇ ਸੰਭਾਵੀ ਵਾਧੇ ਦੇ ਨਾਲ-ਨਾਲ ਪ੍ਰਗਟਾਵੇ ਦੀ ਆਜ਼ਾਦੀ ਅਤੇ ਜਮਹੂਰੀ ਅਸੈਂਬਲੀ ਨੂੰ ਦਬਾਉਣ ਲਈ ਲਾਗੂ ਕੀਤੇ ਜਾ ਰਹੇ ਸਖ਼ਤ ਕਦਮਾਂ ਬਾਰੇ ਚਿੰਤਤ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਬੀਤੀ 13 ਫਰਵਰੀ ਤੋਂ ਹਿੰਦੁਸਤਾਨੀ ਉਪਮਹਾਂਦੀਪ ਭਰ ਦੇ ਕਿਸਾਨ ਕਾਰਕੁੰਨ ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਯਕੀਨੀ ਬਣਾਉਣ ਲਈ ਕਈ ਨੀਤੀਗਤ ਮੁੱਦਿਆਂ ’ਤੇ ਸਰਕਾਰ ਦੀ ਕਾਰਵਾਈ ਦੀ ਘਾਟ ਦਾ ਵਿਰੋਧ ਕਰ ਰਹੇ ਹਨ।2021 ਵਿੱਚ ਅਜਿਹਾ ਕਰਨ ਲਈ ਲਿਖਤੀ ਵਚਨਬੱਧਤਾਵਾਂ ਦੇ ਬਾਵਜੂਦ, ਸਰਕਾਰ ਇਸ ਸਬੰਧ ਵਿੱਚ ਕੋਈ ਠੋਸ ਕਾਰਵਾਈ ਕਰਨ ਵਿੱਚ ਅਸਫਲ ਰਹੀ ਹੈ। ਇਸ ਦੀ ਬਜਾਏ, ਹਿੰਦੁਸਤਾਨ ਸਰਕਾਰ ਨੇ ਨਿਹੱਥੇ ਪ੍ਰਦਰਸ਼ਨਕਾਰੀਆਂ ਦੇ ਖਿਲਾਫ ਸਿਆਸੀ ਅਸਹਿਮਤੀ-ਤੈਨਾਤ ਡਰੋਨ, ਅੱਥਰੂ ਗੈਸ, ਰਬੜ ਦੀਆਂ ਗੋਲੀਆਂ, ਗੋਲਾ-ਬਾਰੂਦ, ਭੜਕਾਊ ਯੰਤਰਾਂ ਅਤੇ ਹੋਰ ਹਥਿਆਰਾਂ ਦੇ ਦਮਨ ਵਿੱਚ ਇੱਕ ਸਪੱਸ਼ਟ ਵਾਧੇ ਦੇ ਨਾਲ ਜਵਾਬ ਦਿੱਤਾ ਹੈ। ਪੁਲਿਸ ਵੱਲੋਂ ਇੱਕ 21 ਸਾਲਾ ਕਾਰਕੁਨ ਦੀ ਹੱਤਿਆ ਕਰ ਦਿੱਤੀ ਗਈ ਜਦਕਿ ਪਿਛਲੇ ਹਫ਼ਤੇ ਸੈਂਕੜੇ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਹਨ।

ਉਨ੍ਹਾਂ ਵਿਦੇਸ਼ ਮੰਤਰੀ ਦਾ ਧਿਆਨ ਦਿਵਾਇਆ ਕਿ ਕੈਨੇਡਾ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਨਿੰਦਾ ਕਰਨ ਅਤੇ ਚੀਨ, ਸਾਊਦੀ ਅਰਬ ਅਤੇ ਹੋਰ ਥਾਵਾਂ ’ਤੇ ਵਿਰੋਧ ਪ੍ਰਦਰਸ਼ਨ ਦੇ ਅਧਿਕਾਰ ਨੂੰ ਉਤਸ਼ਾਹਿਤ ਕਰਨ ਵਿੱਚ ਭੂਮਿਕਾ ਦਾ ਦਾਅਵਾ ਕੀਤਾ ਹੈ। ਇਸੇ ਤਰ੍ਹਾਂ ਕੈਨੇਡਾ ਨੂੰ ਹਿੰਦੁਸਤਾਨ ਨਾਲ ਵੀ ਆਪਣੀਆਂ ਚਿੰਤਾਵਾਂ ਪ੍ਰਗਟਾਉਣ ਲਈ ਇਹ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।ਸਰਕਾਰੀ ਅਧਿਕਾਰੀਆਂ ਦੁਆਰਾ ਹਿੰਸਕ ਜ਼ੈਨੋਫੋਬਿਕ ਬਿਆਨਬਾਜ਼ੀ ਦਾ ਉਭਾਰ ਅਤੇ ਸਿੱਖਾਂ, ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਭੀੜ ਦੀ ਹਿੰਸਾ ਦਿਨ-ਬ-ਦਿਨ ਵਧਦੀ ਜਾ ਰਹੀ ਹੈ, ਜਿਸ ਨਾਲ ਉਪ-ਮਹਾਂਦੀਪ ਵਿੱਚ ਨਵੀਂ ਨਸਲਕੁਸ਼ੀ ਹਿੰਸਾ ਦੀਆਂ ਅਸਲ ਸੰਭਾਵਨਾਵਾਂ ਬਾਰੇ ਬਹੁਤ ਸਾਰੇ ਮਾਹਰਾਂ ਵਿੱਚ ਚਿੰਤਾ ਵਧ ਰਹੀ ਹੈ। ਕੈਨੇਡਾ ਵਿੱਚ ਹਿੰਦੁਸਤਾਨੀ ਏਜੰਟਾਂ ਦੁਆਰਾ ਭਾਈ ਹਰਦੀਪ ਸਿੰਘ ਨਿੱਝਰ ਦਾ ਹਾਲ ਹੀ ਵਿੱਚ ਕੀਤਾ ਗਿਆ ਕਤਲ ਇਹ ਦਰਸਾਉਂਦਾ ਹੈ ਕਿ ਨਿਰੰਤਰ ਸਜ਼ਾ ਅਤੇ ਜਵਾਬਦੇਹੀ ਦੀ ਘਾਟ ਹੀ ਹਿੰਦੁਸਤਾਨੀ ਸ਼ਾਸਨ ਨੂੰ ਘੱਟ ਗਿਣਤੀਆਂ ਅਤੇ ਰਾਜਨੀਤਿਕ ਅਸੰਤੁਸ਼ਟਾਂ ਦੇ ਹਿੰਸਕ ਦਮਨ ਵਿੱਚ ਉਤਸ਼ਾਹਤ ਕਰਦੀ ਹੈ।ਹਾਲਾਂਕਿ ਕਿਸੇ ਵਿਦੇਸ਼ੀ ਦੇਸ਼ ਦੇ ਅੰਦਰੂਨੀ ਨੀਤੀ ਦੇ ਮਾਮਲੇ ਗੈਰ-ਦਖਲਅੰਦਾਜ਼ੀ ਦੇ ਸਿਧਾਂਤਾਂ ਦੇ ਅਧੀਨ ਹੁੰਦੇ ਹਨ, ਇਹ ਮਹੱਤਵਪੂਰਨ ਹੈ ਕਿ ਕੈਨੇਡਾ ਹਿੰਦੁਸਤਾਨ ਦੀਆਂ ਹਿੰਸਕ ਕਾਰਵਾਈਆਂ ਦੀ ਨਿੰਦਾ ਕਰਦਾ ਹੈ ਅਤੇ ਹਿੰਦੁਸਤਾਨ ਵਿੱਚ ਅਸਹਿਮਤੀ ਦੇ ਅਧਿਕਾਰ ਦਾ ਸਮਰਥਨ ਕਰਦਾ ਹੈ ਜਿਵੇਂ ਕਿ ਇਹ ਦੁਨੀਆ ਭਰ ਵਿੱਚ ਕਰਦਾ ਹੈ।ਕੈਨੇਡਾ ਅਜਿਹੇ ਅੰਤਰਰਾਸ਼ਟਰੀ ਭਾਈਵਾਲ ਨਾਲ ਕੰਮ ਕਰਨਾ ਜਾਰੀ ਨਹੀਂ ਰੱਖ ਸਕਦਾ ਜੋ ਨਸਲਕੁਸ਼ੀ ਹਿੰਸਾ ਰਾਹੀਂ ਮਨੁੱਖੀ ਅਧਿਕਾਰਾਂ ਨੂੰ ਲਗਾਤਾਰ ਲਤਾੜਦਾ ਹੈ ਅਤੇ ਮੁਢਲੀ ਨਾਗਰਿਕ ਸੁਤੰਤਰਤਾ ਨੂੰ ਦੰਡ ਦੇ ਕੇ ਦਬਾਉਂਦਾ ਹੈ।ਦੁਨੀਆ ਭਰ ਦੇ ਸਿੱਖ ਇਸ ਨੂੰ ਨੇੜਿਓਂ ਦੇਖ ਰਹੇ ਹਨ ਕਿਉਂਕਿ ਹਿੰਦੁਸਤਾਨੀ ਰਾਜ ਸਿੱਖ ਪ੍ਰਦਰਸ਼ਨਕਾਰੀਆਂ ਨੂੰ ਭੰਡਦੇ ਹੋਏ ਆਪਣੀ ਬਿਆਨਬਾਜ਼ੀ ਨੂੰ ਵਧਾ ਰਿਹਾ ਹੈ। ਇਤਿਹਾਸਕ ਤੌਰ ’ਤੇ, ਇਹ ਪੈਟਰਨ ਸਮੂਹਿਕ ਗ੍ਰਿਫਤਾਰੀਆਂ, ਵਿਆਪਕ ਨਸਲਕੁਸ਼ੀ ਹਿੰਸਾ, ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਜਾਇਜ਼ ਬਣਾਉਣ ਤੋਂ ਪਹਿਲਾਂ ਹੈ। ਇਸ ਲਈ ਕੈਨੇਡਾ ਭਰ ਦੇ ਸਿੱਖ ਤੁਹਾਨੂੰ ਇਸ ਮਸਲੇ ਨੂੰ ਤੁਰੰਤ ਹਾਈ ਕਮਿਸ਼ਨ ਕੋਲ ਉਠਾਉਣ ਦੀ ਅਪੀਲ ਕਰ ਰਹੇ ਹਨ । ਕਿ ਕੈਨੇਡਾ ਵਿੱਚ ਹਿੰਦੁਸਤਾਨ -ਨਾਲ ਹੀ ਨਵੀਂ ਦਿੱਲੀ ਵਿੱਚ ਤੁਹਾਡੇ ਹਮਰੁਤਬਾ-ਇਹ ਯਕੀਨੀ ਬਣਾਉਣ ਕਿ ਨਾਗਰਿਕ ਆਜ਼ਾਦੀਆਂ ਅਤੇ ਬੁਨਿਆਦੀ ਮਨੁੱਖੀ ਅਧਿਕਾਰ ਸੁਰੱਖਿਅਤ ਹਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਬੁੜੈਲ ਵਿਖੇ ਸੰਗਤਾਂ ਵੱਲੋ ਪੰਜ ਪਿਆਰਿਆਂ ਦਾ ਸਨਮਾਨ ਤੇ ਫੁੱਲਾਂ ਦੀ ਵਰਖਾ

# ਭਗਤ ਰਵਿਦਾਸ ਜੀ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਨਗਰ ਕੀਰਤਨ ਸਜਾਇਆ



**ਚੰਡੀਗੜ੍ਹ 23 ਫਰਵਰੀ (ਆਵਾਜ਼ਿ ਕੌਮ ਬਿਊਰੋ)**- ਸ਼੍ਰੋਮਣੀ ਭਗਤ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਆਗਮਨ ਪੁਰਬ ਮਨਾਉਣ ਲਈ ਸਥਾਨਕ ਸੈਕਟਰ 45 ਦੀਆ ਸੰਗਤਾ ਨੇ ਬੜੇ ਉਤਸ਼ਾਹ ਨਾਲ ਨਗਰ ਕੀਰਤਨ ਪੰਜ ਪਿਆਰਿਆ ਦੀ ਅਗਵਾਈ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਛੱਤਰਛਾਇਆ ਹੇਠ ਕੱਢਿਆ । ਇਸ ਮੌਕੇ ਸੰਗਤਾ ਦੇ ਠਾਠਾ ਮਾਰਦੇ ਇਕੱਠ ਵਿੱਚ ਪੰਜ ਪਿਆਰਿਆ ਦਾ ਸਨਮਾਨ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਸਿਰਪਾਓ ਪਾਕੇ ਕੀਤਾ । ਇਸ ਮੌਕੇ ਸਥਾਨਕ ਸੀਨੀਅਰ ਅਕਾਲੀ ਆਗੂ ਸੁਰਿੰਦਰ ਸਿੰਘ ਬੁੜੈਲ, ਮਨਜੀਤ ਸਿੰਘ ਸਿੰਘ ਹਾਰਡਵੇਅਰ, ਕੁਲਵੰਤ ਸਿੰਘ ਸੋਢੀ, ਵਾਈ ਐਲ ਗੁਗਲਾਨੀ, ਭੁਪਿੰਦਰ ਸਿੰਘ, ਗੁਰਮੁੱਖ ਸਿੰਘ, ਕਸਮੀਰ ਸਿੰਘ, ਅਵਤਾਰ ਸਿੰਘ, ਮਨਮੋਹਨ ਸਿੰਘ, ਦਲਵੀਰ ਸਿੰਘ, ਪਾਲ ਸਿੰਘ, ਜਗਜੀਤ ਸਿੰਘ ਜੱਗੀ, ਐਡਵੋਕੇਟ ਨਰਿੰਦਰ ਸਿੰਘ ਵਕੀਲ ਰਾਮ ਬਿਲਾਸ ਬਾਂਸਲ ਸਮੇਤ ਅਨੇਕਾ ਪਤਵੰਤੇ ਹਾਜਰ ਸਨ । ਇਸ ਸਮੇ ਅਕਾਲੀ ਆਗੂ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਸੰਗਤਾ ਨੂੰ ਸੰਬੋਧਨ ਕਰਦਿਆ ਕਿਹਾ ਕਿ ਭਗਤ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਗੁਰਬਾਣੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਤੇ ਗੁਰੂ ਸਾਹਿਬਾਨ ਦੇ ਨਾਲ ਅਸੀ ਆਪਣੇ ਸਤਿਕਾਰਯੋਗ ਭਗਤਾ ਸੰਤਾ ਦਾ ਸਤਿਕਾਰ ਕਰਦੇ ਹਾ । ਸਾਨੂੰ ਇਹਨਾਂ ਮਹਾਨ ਗੁਰੂ ਸਾਹਿਬਾਨ ਭਗਤਾ ਸੰਤਾ ਦੇ ਦਰਸਾਏ ਮਾਰਗ ਤੇ ਚੱਲਦਿਆ ਹਮੇਸਾ ਹੱਕ ਸੱਚ ਤੇ ਨਿਆ ਲਈ ਜੂਝਣਾ ਚਾਹੀਦਾ ਹੈ ਸਚਿਆਰ ਜੀਵਨ ਲਈ ਸੰਗਤ ਤੇ ਪੰਗਤ ਵਿੱਚ ਬੈਠਕੇ ਆਪਣਾ ਤਨ ਮਨ ਧਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਕਰਨਾ ਚਾਹੀਦਾ ਹੈ ਉਹਨਾਂ ਕਿਹਾ ਕਿ ਸਰਬੱਤ ਦੇ ਭਲੇ ਲਈ ਅਤੇ ਪੰਜਾਬ ਦੀ ਪਵਿੱਤਰ ਧਰਤੀ ਤੇ ਪ੍ਰਚੰਡ ਲਹਿਰ ਉਸਾਰਨ ਦੀ ਲੋੜ ਹੈ ਜੋ ਫਿਰਕਾਪ੍ਰਸਤ ਸੋਚ ਨੂੰ ਖਤਮ ਕਰ ਸਕੇ।



### ਪੁਰਾਣੀ ਪੈਨਸ਼ਨ ਬਹਾਲੀ ਲਈ 25 ਫਰਵਰੀ ਦੀ ਰੈਲੀ ਵਿੱਚ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੂਰੇ ਜ਼ੋਰ ਨਾਲ ਹੋਵੇਗਾ ਸ਼ਾਮਲ- ਡੀਟੀਐੱਫ

# ਰਣਦੀਪ ਕੌਰ ਖਾਲਸਾ ਨੂੰ ਬਲਾਕ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ



ਤਲਵੰਡੀ ਸਾਬੋ, 23 ਫਰਵਰੀ (ਗੁਰਜੰਟ ਸਿੰਘ ਨਥੇਹਾ)- ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਨਾਲ ਪੁਰਾਣੀ ਪੈਨਸ਼ਨ ਬਹਾਲੀ ਦਾ ਵਾਅਦਾ ਕਰਕੇ ਮੁੱਕਰ ਗਈ ਹੈ ਜਿਸ ਕਾਰਨ ਪੰਜਾਬ ਦੇ ਮੁਲਾਜ਼ਮ ਆਪਣੇ ਆਪ ਨੂੰ ਠੱਗਿਆ ਗਿਆ ਮਹਿਸੂਸ ਕਰ ਰਹੇ ਹਨ। ਸਰਕਾਰ ਨੇ ਨਵੰਬਰ 2022 ਵਿੱਚ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਦਾ ਇੱਕ ਅੱਧ-ਅਧੂਰਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਪ੍ਰੰਤੂ ਉਸ ਤੋਂ ਬਾਅਦ ਸਵਾ ਸਾਲ ਬੀਤ ਜਾਣ 'ਤੇ ਵੀ ਸਰਕਾਰ ਦੁਆਰਾ ਪੁਰਾਣੀ ਪੈਨਸ਼ਨ ਬਹਾਲ ਨਾ ਕਰਨਾ ਸਰਕਾਰ ਦੀ ਬੇਈਮਾਨੀ ਨੂੰ ਦਰਸਾਉਂਦਾ ਹੈ ਕਿ ਇਸ ਨੇ ਉਸ ਸਮੇਂ ਲੱਖਾਂ ਮੁਲਾਜ਼ਮਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਉਸ ਨੋਟੀਫਿਕੇਸ਼ਨ ਨੂੰ ਉਸ ਸਮੇਂ ਕੁਝ ਰਾਜਾਂ ਦੀਆਂ ਚੋਣਾਂ ਵਿੱਚ ਵੋਟਾਂ ਵਟੋਰਨ ਲਈ ਵਰਤਿਆ।ਆਮ ਆਦਮੀ ਪਾਰਟੀ ਪੰਜਾਬ ਤੋਂ ਬਾਹਰ ਇਹ ਝੂਠ ਫੈਲਾਅ ਕੇ ਲੋਕਾਂ ਨੂੰ ਗੁੰਮਰਾਹ ਵੀ ਕਰ ਰਹੀ ਹੈ ਕਿ ਇਸ ਨੇ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਬਹਾਲ ਕਰ ਦਿੱਤੀ ਹੈ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅਧਿਆਪਕਾਂ ਦੀ ਜਥੇਬੰਦੀ ਡੈਮੋਕ੍ਰੈਟਿਕ ਟੀਚਰਜ਼ ਫਰੰਟ ਬਲਾਕ ਤਲਵੰਡੀ ਸਾਬੋ ਦੇ ਪ੍ਰਧਾਨ ਭੋਲਾ ਤਲਵੰਡੀ ਅਤੇ ਬਲਾਕ ਜਨਰਲ ਸਕੱਤਰ ਰਣਦੀਪ ਕੌਰ ਖਾਲਸਾ ਨੇ ਕੀਤਾ।ਜਥੇਬੰਦੀ ਦੇ ਵਿੱਤ ਸਕੱਤਰ ਜਸਵਿੰਦਰ ਸਿੰਘ ਸੰਦੋਹਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਮੰਤਰੀਆਂ ਦੇ ਰਵਈਏ ਤੋਂ ਨਹੀਂ ਲਗਦਾ ਕਿ ਪੰਜਾਬ ਸਰਕਾਰ ਦਾ ਨੇੜਲੇ ਭਵਿੱਖ ਵਿੱਚ ਵੀ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਕੋਈ ਇਰਾਦਾ ਹੈ।ਸਰਕਾਰ ਮੁਲਾਜ਼ਮਾਂ ਨੂੰ ਮੀਟਿੰਗਾਂ ਦੇ ਕੇ ਭੱਜ ਰਹੀ ਹੈ। ਇਸ ਤੋਂ ਪੰਜਾਬ ਦੇ ਮੁਲਾਜ਼ਮਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਕਾਫ਼ੀ ਨਾਰਾਜ਼ਗੀ ਹੈ ਜੋ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਮਹਿੰਗੀ ਪੈ ਸਕਦੀ ਹੈ। ਸੂਬਾ ਜਥੇਬੰਦਕ ਸਕੱਤਰ ਹਰਮੇਸ਼ ਕੁਮਾਰ ਅਤੇ ਪ੍ਰੈਸ ਸਕੱਤਰ ਰਾਜੇਸ਼ ਕੁਮਾਰ ਨੇ ਕਿਹਾ ਕਿ ਜਿਹੜੀਆਂ ਸਰਕਾਰਾਂ ਦੀ ਨੀਤ ਸਾਫ ਸੀ ਉਹਨਾਂ ਨੇ ਬਾਅਦ ਵਿੱਚ ਸੱਤਾ ਵਿੱਚ ਆ ਕੇ ਵੀ ਪੰਜਾਬ ਸਰਕਾਰ ਨਾਲੋਂ ਪਹਿਲਾਂ ਪੁਰਾਣੀ ਪੈਨਸ਼ਨ ਲਾਗੂ ਕਰ ਦਿੱਤੀ ਹੈ। ਆਗੂਆਂ ਨੇ ਕਿਹਾ ਕਿ ਉਹ ਸਰਕਾਰ ਦੇ ਇਸ ਚਰਿੱਤਰ ਨੂੰ ਨੰਗਾ ਕਰਨ ਲਈ ਪੁਰਾਣੀ ਪੈਨਸ਼ਨ ਬਹਾਲੀ ਸਾਂਝੇ ਮੋਰਚੇ ਦੁਆਰਾ 25 ਫਰਵਰੀ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਨੇੜੇ ਕੀਤੀ ਜਾ ਰਹੀ ਰੈਲੀ ਵਿੱਚ ਪੰਜਾਬ ਭਰ ਵਿੱਚੋਂ ਆਪਣੇ ਕਾਡਰ ਸਮੇਤ ਪੂਰੀ ਤਾਕਤ ਨਾਲ ਸ਼ਮੂਲੀਅਤ ਕਰਨਗੇ ਅਤੇ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਦੀ ਅਵਾਜ਼ ਮੁੱਖ ਮੰਤਰੀ ਦੇ ਕੰਨਾਂ ਤੱਕ ਪਹੁੰਚਾਉਣਗੇ। ਬਲਾਕ ਜਨਰਲ ਸਕੱਤਰ ਗੁਰਜਿੰਦਰ ਸਿੰਘ ਦੇ ਜ਼ਰੂਰੀ ਘਰੇਲੂ ਰੁਝੇਵਿਆਂ ਕਰਕੇ ਜਥੇਬੰਦੀ ਤੋਂ ਕੁਝ ਸਮੇਂ ਲਈ ਛੁੱਟੀ ਲੈਣ ਕਰਕੇ ਉਹਨਾਂ ਦੀ ਜਗ੍ਹਾ 'ਤੇ ਭੈਣ ਰਣਦੀਪ ਕੌਰ ਖਾਲਸਾ ਨੂੰ ਬਲਾਕ ਦੇ ਜਨਰਲ ਸਕੱਤਰ ਦੀ ਨਵੀਂ ਜ਼ਿੰਮੇਵਾਰੀ ਸੌਂਪੀ ਗਈ। ਅੱਜ ਦੀ ਮੀਟਿੰਗ ਵਿੱਚ ਇਹ ਫੈਸਲਾ ਬਲਾਕ ਕਮੇਟੀ ਮੈਂਬਰਾਂ ਵੱਲੋਂ ਸਰਬ ਸੰਮਤੀ ਨਾਲ ਕੀਤਾ ਗਿਆ। ਅੱਜ ਦੀ ਮੀਟਿੰਗ ਵਿੱਚ ਜਗਤਾਰ ਸਿੰਘ ਗਿਆਨਾ, ਪਰਮਜੀਤ ਸਿੰਘ ਸੰਗਤ, ਦਰਸ਼ਨ ਸਿੰਘ, ਜਸਕਰਨ ਸਿੰਘ, ਹਰਸ਼ਰਨ ਸਿੰਘ, ਅਸ਼ੀਸ਼ ਕੁਮਾਰ ਆਦਿ ਅਧਿਆਪਕ ਆਗੂ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲਗਾਇਆ ਗਿਆ 'ਕਾਨੂੰਨੀ ਜਾਗਰੂਕਤਾ ਕੈਂਪ'




**ਚੌਕ ਮਹਿਤਾ 23 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸੀ.ਜੇ.ਐਮ ਸ੍ਰੀ ਰਛਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਦੂਰ-ਦੁਰਾਡੇ ਦੇ ਪਿੰਡ ਰਾਜਾਤਾਲ ਵਿਖੇ ਕਾਨੂੰਨੀ ਜਾਗਰੂਕਤਾ ਕੈਂਪ ਲਗਾਇਆ ਗਿਆ ਅਤੇ ਰਾਸ਼ਟਰਪਤੀ ਐਵਾਰਡ ਪ੍ਰਾਪਤ ਡਾ: ਸਵਰਾਜ ਗਰੋਵਰ, ਐਡ ਬਾਲਕਿਸ਼ਨ ਭਗਤ, ਐਡ ਡੀ.ਵੀ. ਗੁਪਤਾ ਦੀ ਅਗਵਾਈ ਹੇਠ ਕਰਵਾਇਆ ਗਿਆ ! ਡਾ: ਸਵਰਾਜ ਗਰੋਵਰ ਨੇ ਕਿਹਾ ਕਿ ਬੁਢਾਪਾ ਭਲਾਈ ਸਕੀਮਾਂ ਬਜ਼ੁਰਗਾਂ ਲਈ ਵਰਦਾਨ ਹਨ।ਬਜ਼ੁਰਗ ਸਾਡੇ ਸਤਿਕਾਰਯੋਗ ਲੋਕ ਹਨ।ਬਜ਼ੁਰਗਾਂ ਦੀ ਜਾਨ ਦੀ ਸੁਰੱਖਿਆ ਹੀ ਰਾਸ਼ਟਰੀ ਸੁਰੱਖਿਆ ਹੈ।ਬੇਸਹਾਰਾ ਮਾਪੇ 10,000 ਰੁਪਏ ਦਾ ਗੁਜ਼ਾਰਾ ਭੱਤਾ ਲੈਣ ਦੇ ਹੱਕਦਾਰ ਹਨ। ਉਹਨਾਂ ਦੇ ਰੱਖ-ਰਖਾਅ ਲਈ। ਐਡ ਬਾਲ ਕਿਸ਼ਨ ਭਗਤ ਨੇ ਕਿਹਾ ਕਿ ਬਜ਼ੁਰਗਾਂ ਦੀ ਭਲਾਈ ਲਈ ਵਿੱਤੀ ਸੁਰੱਖਿਆ, ਸਿਹਤ ਸੰਭਾਲ, ਪੋਸ਼ਣ ਅਤੇ ਆਸਰਾ ਲਈ ਕਾਨੂੰਨੀ ਵਿਵਸਥਾਵਾਂ ਹਨ ਐਡ ਡੀਵੀ ਗੁਪਤਾ ਨੇ ਕਿਹਾ ਕਿ ਸੀਨੀਅਰ ਸਿਟੀਜ਼ਨ ਸਰਟੀਫਿਕੇਟ ਧਾਰਕ ਨੂੰ ਸਰਕਾਰੀ ਭਲਾਈ ਸਕੀਮਾਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਜਿਸ ਨਾਲ ਬਜੁਰਗਾਂ ਦੀ ਜੀਵਨ ਸ਼ੈਲੀ ਸਾਦੀ ਅਤੇ ਸੁਖਾਲੀ ਹੋ ਜਾਂਦੀ ਹੈ। ਹਾਜ਼ਿਰ ਸਾਰੇ ਬਜੁਰਗਾਂ ਨੇ ਕਾਨੂੰਨੀ ਸਕੀਮਾਂ ਦਾ ਲਾਭ ਲੈਣ ਦਾ ਭਰੋਸਾ ਦਿੱਤਾ।

# ਪ੍ਰਧਾਨ ਮੰਤਰੀ ਮੋਦੀ 25 ਫਰਵਰੀ ਨੂੰ ਏਮਜ਼ ਬਠਿੰਡਾ ਦਾ ਕਰਨਗੇ ਉਦਘਾਟਨ



ਬਠਿੰਡਾ, 23 ਫਰਵਰੀ (ਗੁਰਜੰਟ ਸਿੰਘ ਨਥੇਹਾ)- ਪੰਜਾਬ ਵਿੱਚ ਆਲ-ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਜ਼) ਇੱਕ ਇਤਿਹਾਸਕ ਪਲ ਦੀ ਨਿਸ਼ਾਨਦੇਹੀ ਕਰਨ ਲਈ ਤਿਆਰ ਹੈ ਕਿਉਂਕਿ ਮਾਨਯੋਗ ਪ੍ਰਧਾਨ ਮੰਤਰੀ, ਸ਼੍ਰੀ ਨਰਿੰਦਰ ਮੋਦੀ ਜੀ, 25 ਫਰਵਰੀ ਨੂੰ ਵਰਚੁਅਲ ਮੋਡ ਰਾਹੀਂ ਸੰਸਥਾ ਨੂੰ ਰਾਸ਼ਟਰ ਨੂੰ ਸਮਰਪਿਤ ਕਰਨਗੇ। ਇਸ ਮਹੱਤਵਪੂਰਨ ਮੌਕੇ 'ਤੇ ਦੇਸ਼ ਭਰ ਵਿੱਚ ਏਮਜ਼ ਬਠਿੰਡਾ ਤੋਂ ਇਲਾਵਾ ਚਾਰ ਹੋਰ ਏਮਜ਼ ਦਾ ਉਦਘਾਟਨ ਵੀ ਹੋਵੇਗਾ। ਜ਼ਿਕਰਯੋਗ ਹੈ ਕਿ ਇਸ ਸਮਾਗਮ ਵਿੱਚ ਪੰਜਾਬ ਅਤੇ ਹਰਿਆਣਾ ਦੇ ਰਾਜਪਾਲ, ਸੰਸਦ ਮੈਂਬਰ, ਵਿਧਾਨ ਸਭਾ ਦੇ ਮੈਂਬਰ ਅਤੇ ਹੋਰ ਵੀ ਮਹੱਤਵਪੂਰਨ ਲੋਕਾਂ ਦੀ ਹਾਜ਼ਰੀ ਭਰਨ ਦੀ ਉਮੀਦ ਹੈ। ਏਮਜ਼ ਬਠਿੰਡਾ, ਜਿਸਦੀ ਸ਼ੁਰੂਆਤੀ ਪ੍ਰੋਜੈਕਟ ਲਾਗਤ 925 ਕਰੋੜ ਰੁਪਏ ਹੈ। ਸੰਸਥਾ 179 ਏਕੜ ਤੋਂ ਵੱਧ ਵਿੱਚ ਫੈਲੀ ਹੋਈ ਹੈ ਅਤੇ 750 ਬੈਡ ਵਾਲਾ ਹਸਪਤਾਲ ਕੰਪਲੈਕਸ, ਜਿਸ ਵਿੱਚ ਐਮਰਜੈਂਸੀ ਦੇਖਭਾਲ, ਟਰੌਮਾ, ਆਈਸੀਯੂ ਅਤੇ ਸੁਪਰ-ਸਪੈਸ਼ਿਲਟੀ ਇਲਾਜਾਂ ਲਈ ਵਿਸ਼ੇਸ਼ ਯੂਨਿਟ ਹਨ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਹਸਪਤਾਲ ਵਿੱਚ ਮਾਡਿਊਲਰ ਅਪਰੇਸ਼ਨ ਥੀਏਟਰਾਂ ਦੇ ਨਾਲ ਅਤਿ-ਆਧੁਨਿਕ ਆਈਸੀਯੂ ਦੀ ਵੀ ਸੁਵਿਧਾ ਸ਼ਾਮਲ ਹੈ। ਇਸ ਤੋਂ ਇਲਾਵਾ, ਏਮਜ਼ ਬਠਿੰਡਾ ਵਿੱਖੇ ਸਾਲਾਨਾ 100 ਮੈਡੀਕਲ ਕਾਲਜ ਸੀਟਾਂ ਦੀ ਸਮਰੱਥਾ ਹੈ ਅਤੇ ਇੱਕ ਨਰਸਿੰਗ ਕਾਲਜ 60 ਸੀਟਾਂ ਪ੍ਰਦਾਨ ਕਰਦਾ ਹੈ।

# ਜਨਮ ਦਿਨ ਮੁਬਾਰਕ



ਨਾਮ: ਸਬਾ
ਪਿਤਾ: ਸੁਖਰਾਜ ਸਿੰਘ
ਮਾਤਾ: ਹੈਪੀ ਕੌਰ
ਪਿੰਡ: ਲਾਲੇਆਣਾ
(ਤਲਵੰਡੀ ਸਾਬੋ)
ਨੂੰ ਅਦਾਰਾ ਆਵਾਜ਼ਿ ਕੌਮ ਅਤੇ ਪੱਤਰਕਾਰ ਗੁਰਜੰਟ ਸਿੰਘ ਨਥੇਹਾ ਵੱਲੋਂ ਲੱਖ-ਲੱਖ ਵਧਾਈ ਹੋਵੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸ਼ਬਦਾਂ ਦੀ ਮਹੱਤਤਾ ਅਤੇ ਸੁਚੱਜੀ ਵਰਤੋਂ



ਪਹਿਲਾਂ ਅੱਖਰ ਫਿਰ ਅੱਖਰਾਂ ਤੋਂ ਸ਼ਬਦ ਅਤੇ ਸ਼ਬਦਾਂ ਤੋਂ ਵਾਕ ਬਣਦੇ ਹਨ। ਸ਼ਬਦਾਂ ਦਾ ਆਪਣੇ ਆਪ ਵਿੱਚ ਇੱਕ ਮਹੱਤਵਪੂਰਨ ਸਥਾਨ ਹੁੰਦਾ ਹੈ। ਸ਼ਬਦ ਮਨੁੱਖ ਦੇ ਮਨੋਂਭਾਵਾਂ ਨੂੰ ਪ੍ਰਗਟ ਕਰਨ ਦਾ ਸਰਵ-ਸ੍ਰੇਸ਼ਠ ਤਰੀਕਾ ਮੰਨੇ ਜਾਂਦੇ ਹਨ। ਸ਼ਬਦ ਕਈ ਤਰ੍ਹਾਂ ਦੇ ਹੁੰਦੇ ਹਨ ਜਿਨ੍ਹਾਂ ਬਾਰੇ ਅਸੀ ਅਨੇਕਾਂ ਭਾਸ਼ਾ ਵਿਗਿਆਨੀਆਂ ਸਾਹਿਤਕਾਰਾਂ ਲੇਖਕਾਂ ਅਤੇ ਗੁਰਮੁਖੀ ਲਿਪੀ ਦੇ ਅਨੇਕਾਂ ਖੋਜਕਾਰਾਂ ਦੁਆਰਾ ਜਾਣਿਆ ਅਤੇ ਸਮਝਿਆ ਅਤੇ ਜੀਵਨ ਵਿਚ ਇਹਨਾਂ ਦਾ ਉਪਯੋਗ ਵੀ ਕਰਦੇ ਹਾਂ। ਪਰ ਅੱਜ ਮੇਰੇ ਜਿਹਨ ਵਿਚ ਸ਼ਬਦ ਸਬੰਧੀ ਅਨੇਕਾਂ ਧਾਰਨਾਵਾਂ ਨੇ ਜਨਮ ਲਿਆ ਜੋ ਕਿ ਮੈਂ ਆਵਾਜਿ ਕੌਮ ਅਖਬਾਰ ਦੇ ਪਾਠਕਾਂ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ। ਸਬਦਾਂ ਨੂੰ ਲਿਖਣ ਵੇਲੇ ਅਕਸਰ ਬੇਪਰਵਾਹ ਹੋ ਕੇ ਲਿਖ ਦਿੰਦੇ ਹਾਂ। ਲਿਖਣ ਸਮੇ ਕਈ ਵਾਰ ਲੇਖਕ ਐਨੇ ਹੋਛੇ ਹੋ ਜਾਦੇ ਨੇ ਕਿ ਬਾਅਦ ਵਿੱਚ ਉਹਨਾਂ ਨੂੰ ਆਪਣੇ ਹੀ ਲਿਖੇ ਸ਼ਬਦਾਂ ਤੇ ਪਛਤਾਵਾ ਹੁੰਦਾ ਹੈ। ਇਸ ਲਈ ਸਾਨੂੰ ਲਿਖਣ ਸਮੇ ਸ਼ਬਦਾਂ ਦੀ ਚੋਣ ਸੋਚ ਸਮਝ ਕੇ ਹੀ ਕਰਨੀ ਚਾਹੀਦੀ ਹੈ। ਸਾਡੇ ਲਿਖੇ ਸਬਦਾਂ ਚੋਂ ਜਿਮੇਵਾਰੀ ਝਲਕਣੀ ਚਾਹੀਦੀ ਹੈ। ਕਿਉਂਕਿ ਜਾਣੇ ਅਣਜਾਣੇ 'ਚ ਸਾਡੇ ਪਰਿਵਾਰ ਦੇ ਮੈਂਬਰ ਦੋਸਤ, ਮਿੱਤਰ ਰਿਸ਼ਤੇਦਾਰ ਪੜ੍ਹਦੇ ਨੇ ਅਤੇ ਸਾਡੇ ਲਿਖੇ ਸ਼ਬਦ ਸਾਡੇ ਚਰਿੱਤਰ ਨੂੰ ਪ੍ਰਭਾਸ਼ਿਤ ਕਰਦੇ ਨੇ ਸੋ ਸਾਨੂੰ ਸੋਚ ਸਮਝਕੇ ਅੱਛੇ ਸਬਦ ਲਿਖਣ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਹਮੇਸ਼ਾ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਕਿ ਸਾਡੇ ਲਿਖੇ ਸ਼ਬਦਾਂ ਨਾਲ ਕਿਸੇ ਦੇ ਦਿਲ ਨੂੰ ਠੇਸ ਨਾ ਪੁੱਜੇ। ਸ਼ਬਦ ਉਹ ਚਾਬੀਆਂ ਨੇ ਜੋ ਹਰ ਇੰਨਸਾਨ ਦਾ ਦਿਲ ਖੋਲਣ ਅਤੇ ਜ਼ੁਬਾਨ ਬੰਦ ਕਰਨ ਦੀ ਤਾਕਤ ਰੱਖਦੀਆਂ ਨੇ।

ਸਹੀ ਤਰੀਕੇ ਨਾਲ ਉਚਾਰਨ ਨਾ ਕਰਨ ਸਕਣ ਦੀ ਸੂਰਤ ਵਿਚ ਵੀ ਸ਼ਬਦ ਆਪਣਾ ਅਰਥ ਤੇ ਪ੍ਰਭਾਵ ਗੁਆ ਬੈਠਦੇ ਹਨ। ਇਸ ਗੱਲ ਨੂੰ ਪ੍ਰਭਾਸ਼ਿਤ ਕਰਨ ਲਈ ਮੈਨੂੰ ਗੀਤਕਾਰ ਫਿਰੋਜਖਾਨ ਸਾਹਬ ਦੇ ਗੀਤ ਦੀਆਂ ਕੁਝ ਸਤਰਾਂ ਯਾਦ ਆ ਰਹੀਆਂ ਨੇ

ਤੈਨੂੰ ਜਾਣ ਦੀ ਪਈ ਏ, ਸਾਨੂੰ ਜਾਨ ਦੀ ਪਈ ਏ
ਤੇਰੀ ਜਾਣ-ਜਾਣ ਨੇ ਤਾ ਜਾਨ ਕੱਢ ਲਈ ਏ

ਜਾਣ ਅਤੇ ਜਾਨ ਸਬਦਾਂ ਦੇ ਉਚਾਰਨ ਵਿੱਚ ਸ਼ੁੱਧਤਾ ਨਾ ਹੋਣ ਦੇ ਫਲਸਰੂਪ ਸ਼ਬਦਾਂ ਦੇ ਅਰਥਾਂ ਵਿੱਚ ਜਮੀਨ ਅਸਮਾਨ ਦਾ ਅੰਤਰ ਆ ਜਾਣਾ ਸੋ ਸ਼ਬਦਾਂ ਉਚਾਰਨ ਸਹੀ ਕਰਨਾ ਵੀ ਅਤਿ ਜਰੂਰੀ ਹੋ ਜਾਦਾ ਹੈ। ਕਿਹਾ ਜਾਂਦਾ ਹੈ ਕਿ ਸਬਦਾਂ ਦਾ ਵੀ ਤਾਪਮਾਨ ਹੁੰਦੈ ਇਹ ਇਨਸਾਨ ਨੂੰ ਸਾਂਤ (ਠੰਡਾ) ਰੱਖਣ ਦਾ ਵੀ ਕੰਮ ਕਰਦੇ ਨੇ ਜਨਾਬ, ਮਾਲਕੋ, ਬਾਬਿਓ, ਮੋਤੀਆਂ ਵਾਲਿਓ ਅਜਿਹੇ ਸ਼ਬਦ ਨੇ ਜੋ ਸਦੀਆਂ ਤੋਂ ਨਰਾਜ਼, ਗੁੱਸੇ ਹੋਏ ਮਿੱਤਰ ਪਿਆਰੇ ਦੀ ਨਰਾਜ਼ਗੀ ਮਿੰਟਾ ਸਕਿੰਟਾਂ 'ਚ ਦੂਰ ਕਰ ਦਿੰਦੇ ਹਨ। ਵੱਡੇ-ਵੱਡੇ ਮਸਲੇ ਇਨ੍ਹਾਂ ਸ਼ਬਦਾਂ ਸਦਕਾ ਹੱਲ ਹੁੰਦੇ ਵੇਖੇ ਗਏ ਹਨ। ਕੁੱਝ ਸਬਦ ਲੜਾਈ, ਝਗੜੇ, ਦੰਗੇ ਆਦਿ ਵੀ ਕਰਵਾ ਦਿੰਦੇ ਹਨ ਜਿਵੇਂ ਵੱਡਾ ਵੈਲੀ, ਫੁਕਰਾ, ਵੱਡਾ ਸੂਰਮਾ ਏਦਾਂ ਦੇ ਕਈ ਸਬਦ ਅਕਸਰ ਵਰਤੇ ਜਾਂਦੇ ਹਨ ਜੋ ਸਾਡੀ ਤਾਕਤ ਨੂੰ ਵੰਗਾਰਦੇ ਨੇ ਤੇ ਸਾਨੂੰ ਲੜਾਈ ਝਗੜੇ ਲਈ ਉਕਸਾਉਂਦੇ ਹਨ। ਇਹਨਾਂ ਤੋਂ ਸਾਨੂੰ ਗੁਰੇਜ਼ ਕਰਨਾ ਚਾਹੀਦਾ ਹੈ।

ਸਾਡੇ ਵਰਤੇ ਸ਼ਬਦ ਹੀ ਸਾਡੀ ਦਹਿਲੀਜ਼ 'ਤੇ ਆਈ ਹਾਰ ਨੂੰ ਜਿੱਤ ਵਿੱਚ ਬਦਲਣ ਦੀ ਸਮਰੱਥਾ, (ਤਾਕਤ) ਰੱਖਦੇ ਨੇ ਜਿਵੇ ਹਈ ਸ਼ਾ, ਚੱਕ ਦੇ ਫੱਟੇ, ਗੋਡੀਆਂ ਲਵਾ ਕੇ ਮੁੜਾਂਗੇ, ਤੂੰ ਹੀ ਕਰ ਸਕਦੈ, ਸ਼ੇਰ ਬਣ ਆਦਿ ਕਈ ਸ਼ਬਦ ਸਾਨੂੰ ਮਖੌਲ ਦਾ ਪਾਤਰ ਵੀ ਬਣਾ ਦਿੰਦੇ ਹਨ। ਸਬਦਾਂ ਦਾ ਉਚਾਰਨ ਵੀ ਸਾਨੂੰ ਕਈ ਵਾਰ ਮਜਾਕ ਦਾ ਪਾਤਰ ਬਣਾ ਦਿੰਦਾ ਹੈ।

ਸਾਡੇ ਸ਼ਬਦ ਹੀ ਸਾਨੂੰ ਸਮਾਜ ਵਿਚ ਮਾਨ ਸਨਮਾਨ ਦਿਵਾਉਂਦੇ ਹਨ, ਉਂਝ ਹਾਂ ਤੇ ਹਾਂ ਜੀ ਦੇ ਅਰਥ ਤਾਂ ਭਾਵੇਂ ਇਕੋ ਨੇ ਪਰ ਬੋਲਣ ਵਾਲੇ ਦੇ ਲਹਿਜੇ ਤੋਂ ਅੰਦਾਜਾ ਹੋ ਜਾਂਦੈ ਕਿ ਉਸ ਦੇ ਦਿਲ 'ਚ ਸਾਡੇ ਪ੍ਰਤੀ ਕਿੰਨਾ ਕੁ ਸਤਿਕਾਰ ਹੈ? ਸ਼ਬਦ ਭਾਵੇਂ ਬੋਲਣ ਦੀ ਕੋਈ ਕੀਮਤ ਨਹੀਂ ਹੁੰਦੀ, ਪਰ ਬੋਲਣ ਤੋਂ ਬਾਅਦ ਹੀ ਪਤਾ ਲਗਦੈ ਕੀ ਸ਼ਬਦਾਂ ਦੀ ਕੀਮਤ ਮਿਲੇਗੀ ਜਾਂ ਤੁਹਾਨੂੰ ਚੁਕਾਉਣੀ ਪਵੇਗੀ। ਤੁਸੀਂ, ਤੁਹਾਡਾ, ਤੁਹਾਨੂੰ ਸ਼ਬਦ ਲੋਕਾਂ ਦੀਆਂ ਨਜ਼ਰਾਂ 'ਚ ਸਾਡਾ ਸਤਿਕਾਰ ਵਧਾ ਦਿੰਦੇ ਹਨ।

ਜੀ ਨੂੰ ਜੀ, ਹੁੰਦੀ ਏ,
ਸੱਜਣਾ ਹੋਰ ਮੁਹੱਬਤ, ਕੀ ਹੁੰਦੀ ਏ?

ਕਈ ਸ਼ਬਦ ਸਾਡੀ ਮਾਨਸਿਕਤਾ ਨੂੰ ਝੰਜੋੜ ਕੇ ਰੱਖ ਦਿੰਦੇ ਨੇ, ਜਿਵੇ ਬੌਣਾ ਜਿਹਾ, ਕਲੂਟਾ ਟਿੱਡਾ, ਲੰਬੂ, ਮੋਟੂ ਜਿਹੇ ਮਨੁੱਖ ਦੀਆਂ ਸਰੀਰਕ ਊਣਤਾਈਆਂ ਤੇ ਤੰਜ ਕੱਸਦੇ ਅਨੇਕਾਂ ਹੀ ਸ਼ਬਦ ਨੇ ਜਿੰਨਾ ਦਾ ਮੈਂ ਜਿਕਰ ਨਹੀਂ ਕਰਨਾ ਚਾਹੁੰਦਾ ਅਤੇ ਪ੍ਰਯੋਗ ਕਰਨ ਤੋ ਵੀ ਗੁਰੇਜ ਕਰਦਾ ਹਾਂ ਕਿਉਕਿ ਕਹਿੰਦੇ ਹੁੰਦੇ ਆ ਨਾ...!

ਉੱਚਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ।
ਨਦਿਰ ਕਰੇ ਜੋ ਮਿਹਰ ਦੀ, ਉਹਦੀ ਮਾਰੋ ਡਰੀਏ।

ਸ਼ਬਦਾਂ ਨੂੰ ਭਾਵੇਂ ਕੋਈ ਵੀ ਛੋਹ ਨਹੀਂ ਸਕਦਾ ਪਰ ਸ਼ਬਦ ਸਭ ਨੂੰ ਛੋਹਣ ਦੀ ਸਮਰੱਥਾ ਰੱਖਦੇ ਹਨ। ਸ਼ਬਦ ਲੋਕਾਂ ਦੇ ਦਿਲਾਂ ਨੂੰ ਖੋਲ੍ਹਣ ਅਤੇ ਜੁਬਾਨ ਨੂੰ ਬੰਦ ਕਰਵਾਉਣ ਦੀ ਸਮਰੱਥਾ ਵੀ ਰੱਖਦੇ ਨੇ, "ਜੇਕਰ ਅੱਖਰ ਮੋਤੀ ਤੇ ਸ਼ਬਦ ਹੀਰੇ ਹਨ ਤਾਂ ਫਿਰ ਇਹਨਾਂ ਸ਼ਬਦਾਂ ਨਾਲ ਆਪ ਵੀ ਹੀਰੇ ਬਣੋ। ਕਿਸੇ ਨੂੰ ਮੰਦਾ ਸ਼ਬਦ ਨਾ ਬੋਲੋ।" ਸੋ ਸ਼ਬਦਾਂ ਦੀ ਚੋਣ ਉਚਾਰਨ ਲਿਖਤ ਜਰਾ ਸੋਚ ਸਮਝ ਕੇ ਹੀ ਕਰਨੀ ਚਾਹੀਦੀ ਹੈ।

**-ਸਿੱਧੂ ਮੂਸੇਵਾਲੇ ਦੇ ਮਾਨਸਾ ਤੋਂ ਲੋਕੇਸ਼ ਮਾਨਸਾ**
**ਸੰਪਰਕ ਨੰ: 9463177177**
**ਪੇਸ਼ਕਸ਼: ਗੁਰਜੰਟ ਸਿੰਘ ਨਥੇਹਾ**

### ਐਨ. ਐਸ. ਯੂਨੀਅਨ. ਕਮੇਟੀ ਵੱਲੋ 25 ਫਰਵਰੀ ਨੂੰ

# ਸੰਗਰੂਰ ਵਿਖੇ ਮੁੱਖ ਮੰਤਰੀ ਨਿਵਾਸ ਦਾ ਘਿਰਾਓ ਕਰਨ ਦਾ ਐਲਾਨ




**ਚੌਕ ਮਹਿਤਾ, 23 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿਛਲੇ ਕੁੱਝ ਸਮੇ ਤੋਂ ਤਨਖਾਹ ਵਾਧੇ ਦੀ ਮੰਗ ਨੂੰ ਲੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਚ ਕੰਮ ਕਰ ਰਹੇ ਐਨ ਐਸ ਕਿਊ ਐਫ ਵੋਕੇਸਨਲ ਅਧਿਆਪਕ ਮੰਗਾਂ ਪੂਰੀਆਂ ਨ ਹੋਣ ਕਾਰਨ ਮੁੱਖ ਮੰਤਰੀ ਨਿਵਾਸ ਸੰਗਰੂਰ ਵਿਖੇ ਰੋਸ ਰੈਲੀ ਕਰਨ ਜਾ ਰਹੇ ਹਨ॥ ਅਧਿਆਪਕਾਂ ਨੇ ਦੱਸਿਆ ਕਿ ਪਿਛਲੇ ਕੁੱਝ ਮਹੀਨਿਆਂ ਤੋਂ ਸਿੱਖਿਆ ਮੰਤਰੀ ਹਰਜੋਤ ਬੈਂਸ ਜੀ ਨਾਲ ਬਹੁਤ ਮੀਟਿੰਗਾਂ ਹੋਈਆਂ ਪਰ ਬੇਸਿੱਟਾ ਰਹੀਆਂ ਤੇ ਸਰਕਾਰ ਦੇ ਲਾਰਿਆਂ ਤੋਂ ਅੱਕ ਕਿ ਸੰਗਰੂਰ ਮੁੱਖ ਮੰਤਰੀ ਨਿਵਾਸ ਦਾ ਘਿਰਾਓ ਕਰਾਂਗੇ ॥ ਅਧਿਆਪਕਾਂ ਨੇ ਦੱਸਿਆ ਕਿ ਗੁਆਂਢੀ ਸੂਬੇ ਹਰਿਆਣਾ ਚ ਐਨ.ਐਸ.ਕਿਊ.ਐਫ ਵੋਕੇਸਨਲ ਅਧਿਆਪਕਾ ਦੀ ਤਨਖਾਹ 32000 ਹੈ ਜਦਕਿ ਪੰਜਾਬ ਚ ਤਨਖਾਹ ਕੇਵਲ 15000 ਹੈ ਜਿਸ ਚ 60% ਕੇਂਦਰ ਸਰਕਾਰ ਦਿੰਦੀ ਹੈ॥ ਅਧਿਆਪਕਾਂ ਨੇ ਕਿਹਾ ਕਿ ਆਪ ਪਾਰਟੀ ਨੇ ਚੋਣਾਂ ਦੌਰਾਨ ਚੌਥੀ ਗਰੰਟੀ ਚ ਕਿਹਾ ਕਿ ਆਊਟਸੋਰਸ ਭਰਤੀ ਬੰਦ ਕਰਾਂਗੇ ਪਰ ਸਰਕਾਰ ਨੇ ਮੁੜ ਆਂਊਟਸੋਟਸ ਰਾਹੀਂ ਭਰਤੀ ਕਰਕੇ ਵਾਅਦਾਖਿਲਾਫੀ ਕੀਤੀ ਹੈ॥ ਇਸ ਮੌਕੇ ਵੋਕੇਸਨਲ ਅਧਿਅਪਕ ਕਮੇਟੀ ਆਗੂ ਕੁਲਬੀਰ ਸਿੰਘ,ਅਨੂਪਜੀਤ ਸਿੰਘ, ਗੁਰਪ੍ਰੀਤ ਸਿੰਘ , ਸੰਦੀਪ ਸਿੰਘ, ਸੁਖਦੀਪ ਸਿੰਘ ਆਦਿ ਹਾਜ਼ਰ ਸਨ।

### ਕਿਸਾਨਾਂ 'ਤੇ ਤਸ਼ੱਦਦ ਕਰਕੇ ਹਰਿਆਣਾ ਸਰਕਾਰ ਨੇ ਜੱਲਿਆਂਵਾਲੇ ਬਾਗ ਦੇ ਸਾਕੇ ਦੀ ਯਾਦ ਤਾਜ਼ਾ ਕਰਵਾਈ- ਭਾਈ ਮਹਿਤਾ, ਭਾਈ ਚਾਵਲਾ

# ਭਗਵੰਤ ਮਾਨ ਵੀ ਕੇਜਰੀਵਾਲ ਨੂੰ ਬਚਾਉਣ ਲਈ ਕੇਂਦਰ ਦੀ ਟਾਊਟੀ ਕਰਕੇ ਕਿਸਾਨਾਂ ਦੀ ਪਿੱਠ ਵਿਚ ਛੁਰਾ ਮਾਰ ਰਿਹੈ



ਨਵੀਂ ਦਿੱਲੀ, 23 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਆਪਣੇ ਹੱਕਾਂ ਲਈ ਪ੍ਰਦਰਸ਼ਨ ਕਰ ਰਹੇ ਪੰਜਾਬ ਦੇ ਕਿਸਾਨਾਂ ਨੂੰ ਹਰਿਆਣਾ ਪੁਲਿਸ ਵੱਲੋਂ ਪੰਜਾਬ ਦੀ ਹੱਦ ਵਿਚ ਵੜ ਕੇ ਗੋਲੀਆਂ ਮਾਰ ਕੇ ਅਤੇ ਕਿਸਾਨ ਨੌਜਵਾਨਾਂ ਉੱਪਰ ਅੰਨ੍ਹਾਂ ਤਸ਼ੱਦਦ ਢਾਹ ਕੇ ਜੱਲਿਆਂਵਾਲੇ ਬਾਗ ਦੇ ਸਾਕੇ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਹਰਿਆਣਾ ਪੁਲਿਸ ਵਲੋਂ ਕਿਸਾਨਾਂ ਉੱਤੇ ਕੀਤੇ ਅੱਤਿਆਚਾਰ ਦੀ ਘਟਨਾ 'ਤੇ ਪ੍ਰਤੀਕਿਰਿਆ ਦਿੰਦਿਆਂ ਕੀਤਾ। ਭਾਈ ਮਹਿਤਾ ਅਤੇ ਭਾਈ ਚਾਵਲਾ ਨੇ ਆਖਿਆ ਕਿ ਪੰਜਾਬ-ਹਰਿਆਣਾ ਹੱਦ ਨੂੰ ਪਾਕਿਸਤਾਨ ਨਾਲ ਲੱਗਦੀ ਭਾਰਤੀ ਸਰਹੱਦ ਤੋਂ ਵੀ ਵੱਧ ਸਖਤੀ ਨਾਲ ਬੰਦ ਕਰਕੇ ਹਰਿਆਣਾ ਸਰਕਾਰ ਕੇਂਦਰ ਸਰਕਾਰ ਦੀ ਸ਼ਿਹ 'ਤੇ ਪੰਜਾਬ ਨੂੰ ਦੇਸ਼ ਤੋਂ ਅਲਹਿਦਗੀ ਦੇ ਰਾਹ ਤੋਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਜਵਾਨ ਦੇਸ਼ ਦੀਆਂ ਸਰਹੱਦਾਂ 'ਤੇ ਰਾਖੀ ਕਰਦਿਆਂ ਸ਼ਹੀਦੀਆਂ ਪਾ ਰਿਹਾ ਹੈ ਅਤੇ ਦੇਸ਼ ਦਾ ਢਿੱਡ ਭਰਨ ਵਾਲੇ ਪੰਜਾਬ ਦੇ ਅੰਨਦਾਤਾ ਨੂੰ ਆਪਣੀ ਹੀ ਸਰਕਾਰ ਪੁਲਿਸ ਕੋਲੋਂ ਗੋਲੀਆਂ ਮਰਵਾ ਰਹੀ ਹੈ, ਜੋ ਕਿ ਇਕ ਲੋਕਤੰਤਰੀ ਦੇਸ਼ ਲਈ ਬੇਹੱਦ ਸ਼ਰਮਨਾਕ ਹੈ। ਉਨ੍ਹਾਂ ਆਖਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਵਤੀਰਾ ਵੀ ਕੇਂਦਰ ਸਰਕਾਰ ਦੇ ਟਾਊਟ ਵਾਲਾ ਹੈ, ਜੋ ਕਿ ਆਪਣੇ ਆਕਾ ਅਰਵਿੰਦ ਕੇਜਰੀਵਾਲ ਨੂੰ ਈ.ਡੀ. ਦੇ ਕੇਸਾਂ ਵਿਚੋਂ ਬਚਾਉਣ ਲਈ ਕਿਸਾਨਾਂ ਦੀ ਪਿੱਠ ਵਿਚ ਛੁਰਾ ਮਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨ ਆਪਣੇ ਹੱਕ ਮੰਗ ਰਹੇ ਹਨ ਪਰ ਸਰਕਾਰ ਉਨ੍ਹਾਂ ਨੂੰ ਜਬਰ ਨਾਲ ਦਬਾਅ ਕੇ ਹਿਟਲਰਸ਼ਾਹੀ ਤੇ ਨਾਦਰਸ਼ਾਹੀ ਰਵੱਈਆ ਅਪਨਾ ਰਹੀ ਹੈ। ਕੇਂਦਰ ਸਰਕਾਰ ਨੂੰ ਪੰਜਾਬ ਦੇ ਕਿਸਾਨਾਂ ਦੀਆਂ ਮੰਗਾਂ ਨੂੰ ਹਮਦਰਦੀ ਦੇ ਨਾਲ ਵਿਚਾਰਨਾ ਚਾਹੀਦਾ ਸੀ। ਉਨ੍ਹਾ ਆਖਿਆ ਕਿ ਜੇਕਰ ਸਰਕਾਰ ਤਾਨਾਸ਼ਾਹੀ 'ਤੇ ਉਤਰ ਆਈ ਹੈ ਤਾਂ ਲੋਕਾਂ ਕੋਲ ਵੀ ਵੋਟ ਦੀ ਵੱਡੀ ਤਾਕਤ ਹੈ, ਸਮਾਂ ਆਉਣ ਤੇ ਲੋਕ ਵੀ ਤਖਤਾ ਪਲਟਾਉਣ ਵਿਚ ਢਿੱਲ ਨਹੀਂ ਕਰਨਗੇ।

# ਭਾਈ ਮਰਦਾਨਾ ਕੀਰਤਨ ਸਮਾਗਮਾਂ ਸਬੰਧੀ ਅਹੁਦੇਦਾਰਾਂ ਦੀਆਂ ਲਾਈਆਂ ਡਿਊਟੀਆਂ



ਫ਼ਿਰੋਜ਼ਪੁਰ, 23 ਫਰਵਰੀ (ਮਨੋਹਰ ਲਾਲ) :— ਸ੍ਰੀ ਗੁਰੂ ਨਾਨਕ ਸਾਹਿਬ ਦੇ ਜੀਵਨ ਸਾਥੀ ਭਾਈ ਮਰਦਾਨਾ ਜੀ ਦਾ 32ਵਾਂ ਕੀਰਤਨ ਦਰਬਾਰ 24 ਫਰਵਰੀ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗਾ, ਜਦੋਂ ਕਿ 2 ਫਰਵਰੀ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਦੋ ਦਿਨ ਕੀਰਤਨ ਦਰਬਾਰ ਹੋਣਗੇ, ਜਿਸ ਵਿਚ ਸਿੱਖ ਕੌਮ ਦੀਆਂ ਮਹਾਨ ਸਖਸ਼ੀਅਤਾਂ ਪੁੱਜ ਕੇ ਆਈਆਂ ਸੰਗਤਾਂ ਨੂੰ ਗੁਰਬਾਣੀ ਲੜ ਲਾਉਣਗੇ। ਸਮਾਗਮ ਨੂੰ ਲੈ ਕੇ ਅੱਜ ਸੁਸਾਇਟੀ ਦੇ ਅਹੁਦੇਦਾਰਾਂ ਦੀ ਇਕ ਹੰਗਾਮੀ ਮੀਟਿੰਗ ਹੋਈ, ਜਿਸ ਵਿਚ ਸਵਾਗਤੀ ਕਮੇਟੀ ਹਰਪਾਲ ਸਿੰਘ ਭੁੱਲਰ, ਸਰਬਜੀਤ ਸਿੰਘ ਛਾਬੜਾ, ਜਤਿੰਦਰ ਸਿੰਘ ਦੀ ਚੋਣ ਕੀਤੀ ਗਈ, ਜਦੋਂ ਕਿ ਸਮਾਗਮ ਦੀ ਨਿਗਰਾਨੀ ਲਈ ਸੋਹਨ ਸਿੰਘ, ਹਰਜੀਤ ਸਿੰਘ, ਮੋਹਨ ਸਿੰਘ ਅਤੇ ਲੰਗਰ ਕਮੇਟੀ ਵਿਚ ਮੋਹਨ ਸਿੰਘ, ਗੁਰਮੀਤ ਸਿੰਘ, ਪ੍ਰਿੰਸ, ਕਰਿਸ਼ਨ ਲਾਲ ਹਾਂਡਾ ਦੀ ਚੋਣ ਕੀਤੀ ਗਈ। ਇਸੀ ਤਰ੍ਹਾਂ ਮਾਨ ਸਨਮਾਨ ਕਮੇਟੀ ਵਿਚ ਜਗਜੀਤ ਸਿੰਘ ਭੁੱਲਰ, ਬਰਜਿੰਦਰ ਸਿੰਘ ਬੱਬੂ, ਬਲਜਿੰਦਰ ਸਿੰਘ ਸ਼ੈਕੀ, ਜੇ.ਬੀ ਸਿੰਘ ਸੰਧਾ ਅਤੇ ਪੁਛਗਿਛ ਕਮੇਟੀ ਵਿਚ ਰਣਬੀਰ ਸਿੰਘ ਰਾਣਾ, ਪਰਮਜੀਤ ਸਿੰਘ ਪੰਮਾ, ਸਟੇਜ਼ ਸਕੱਤਰ ਸਵਰਨ ਸਿੰਘ ਸੋਹਾਣਾ ਹੋਣਗੇ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਹਰਪਾਲ ਸਿੰਘ ਭੁੱਲਰ ਨੇ ਦੱਸਿਆ ਕਿ ਭਾਈ ਮਰਦਾਨਾ ਜੀ ਨੇ ਆਪਣੀ ਜਿੰਦਗੀ ਗੁਰੂ ਨਾਨਕ ਸਾਹਿਬ ਨਾਲ ਰਹਿ ਕੇ ਬਿਤਾਈ, ਗੁਰੂ ਸਾਹਿਬ ਜੀ ਦੀਆਂ ਚਾਰ ਉਦਾਸੀਆਂ ਦੇ ਨਾਲ ਰਹਿ ਕੇ ਰਬਾਬੀ ਰਾਗ ਵਿਚ ਵਜਾਉਂਦੇ ਰਹੇ। ਭਾਈ ਮਰਦਾਨਾ ਜੀ ਗੁਰੂ ਸਾਹਿਬ ਨਾਲ ਰਹਿ ਕੇ ਸਿੱਖ ਸੱਜ ਗਏ ਸਨ, ਅੱਜ ਭਾਰਤ ਵਿਚ ਰਹਿ ਕੇ ਸਾਰੇ ਰਬਾਬੀ ਸਿੱਖੀ ਰੂਪ ਵਿਚ ਹਨ, ਉਹ ਤੰਤੀ ਸਾਜਾਂ ਨਾਲ ਕੀਰਤਨ ਕਰਦੇ ਹਨ।

# ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਜਲਦੀ ਮੰਨੇ—ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲੇ



ਫ਼ਿਰੋਜ਼ਪੁਰ, 23 ਫਰਵਰੀ (ਮਨੋਹਰ ਲਾਲ) :— ਕੇਂਦਰ ਸਰਕਾਰ ਕਿਸਾਨਾਂ ਨੂੰ ਸੜਕਾਂ ਤੇ ਰੋਲ ਰਹੀ ਹੈ, ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਦੇ ਮੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਖਨੌਰੀ ਕੋਲ ਕਿਸਾਨਾਂ ਉੱਤੇ ਪੁਲਿਸ ਵੱਲੋਂ ਚਲਾਈਆਂ ਗਈਆਂ ਸਿੱਧੀਆਂ ਗੋਲੀਆਂ ਕਾਰਨ ਇਕ ਪੰਜਾਬੀ ਨੌਜਵਾਨ ਸ਼ੁਭਕਰਨ ਵਿਚ ਦੀ ਮੌਤ ਹੋ ਗਈ ਸੀ, ਜ਼ੋ ਕਿ ਬਹੁਤ ਹੀ ਮੰਦਭਾਗੀ ਘਟਨਾ ਹੈ, ਬਾਬਾ ਜੀ ਨੇ ਅੱਗੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਬਾਬਾ ਜੀ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਕਿਸਾਨਾਂ ਨਾਲ ਬੈਠ ਕੇ ਇਨ੍ਹਾਂ ਮੰਗਾਂ ਦਾ ਹੱਲ ਕੱਢਣ, ਜੇਕਰ ਕੇਂਦਰ ਸਰਕਾਰ ਆਪਣੇ ਅੜੀਅਲ ਵਤੀਰੇ ਤੇ ਰਹੀ ਤਾਂ ਕੇਂਦਰ ਸਰਕਾਰ ਨੂੰ ਇਸ ਦੇ ਮਾੜੇ ਨਤੀਜੇ ਭੁਗਤਣੇ ਪੈ ਸਕਦੇ ਹਨ, ਕਿਉਕਿ ਕਿਸਾਨ ਤਾਂ ਪਹਿਲਾਂ ਵੀ ਬਹੁਤ ਕਰਜਾਈ ਹੈ, ਜ਼ੋ ਕਿ ਆਪਣਾ ਖੂਲ ਪਸੀਨਾ ਵਹਾ ਕੇ ਸਾਰੀ ਦੁਨੀਆਂ ਦਾ ਪੇਟ ਭਰਦਾ ਹੈ। ਪਰ ਮੋਦੀ ਸਰਕਾਰ ਇਨ੍ਹਾਂ ਵੱਲ ਕੋਈ ਖਾਸ ਧਿਆਨ ਨਹੀਂ ਦੇ ਰਹੀ, ਜਿਸ ਕਰਕੇ ਇਹ ਸਮੂਹ ਕਿਸਾਨ ਦਿੱਲੀ ਦੀਆਂ ਬਰੂਹਾਂ ਤੇ ਬੈਠ ਕੇ ਧਰਨਾ ਲਾ ਰਹੇ ਹਨ, ਜਦ ਕਿ ਘਰ ਵਿਚੋਂ ਨਿਕਲਣ ਦਾ ਕਿਸੇ ਦਾ ਜੀਅ ਨਹੀਂ ਕਰਦਾ, ਮਜਬੂਰੀ ਵੱਸ ਕਿਸਾਨ ਘਰੋਂ ਆਪਣੇ ਹੱਕ ਲੈਣ ਲਈ ਨਿਕਲੇ ਹਨ, ਜ਼ੋ ਕਿ ਇਨ੍ਹਾਂ ਕਿਸਾਨਾਂ ਦੀਆਂ ਮੰਗਾਂ ਜਾਇਜ ਹਨ।

# ਉੱਘੇ ਸਮਾਜ ਸੇਵੀ ਓਮ ਪ੍ਰਕਾਸ਼ ਕਟਾਰੀਆ ਨੂੰ ਗਹਿਰਾ ਸਦਮਾ, ਪਤਨੀ ਕਵਿਤਾ ਕਟਾਰੀਆ ਦਾ ਹੋਇਆ ਅਕਾਲ ਚਲਾਣਾ



ਫ਼ਿਰੋਜ਼ਪੁਰ, 23 ਫਰਵਰੀ (ਮਨੋਹਰ ਲਾਲ) :— ਸ੍ਰੀ ਓਮ ਪ੍ਰਕਾਸ਼ ਕਟਾਰੀਆ ਧਵਨ ਕਲੋਨੀ ਉੱਘੇ ਸਮਾਜ ਸੇਵਕ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੀ ਜੀਵਨ ਸਾਥਣ ਧਰਮ ਪਤਨੀ ਸ੍ਰੀਮਤੀ ਕਵਿਤਾ ਕਟਾਰੀਆ ਉਰਫ ਆਗਿਆ ਰਾਣੀ ਅਚਾਨਕ ਅਕਾਲ ਚਲਾਣਾ ਕਰ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ। ਇਥੇ ਇਹ ਦਸਣਯੋਗ ਹੈ ਕਿ ਕਵਿਤਾ ਕਟਾਰੀਆ ਉਰਫ ਆਗਿਆ ਰਾਣੀ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ। ਇਥੇ ਇਹ ਦਸਣਯੋਗ ਹੈ ਕਿ ਕਵਿਤਾ ਕਟਾਰੀਆ ਉਰਫ ਆਗਿਆ ਰਾਣੀ ਜ਼ੋ ਕਿ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਸਨ ਅਤੇ ਉਹ ਲੁਧਿਆਣਾ ਵਿਖੇ ਹਸਪਤਾਲ ਵਿਚ ਦਾਖਲ ਸਨ, ਜਿਥੇ ਉਨ੍ਹਾਂ ਦੀ ਮੌਤ ਹੋ ਗਈ, ਅੱਜ ਉਨ੍ਹਾਂ ਦਾ ਅੰਤਿਮ ਸੰਸਕਾਰ ਜ਼ੀਰਾ ਗੇਟ ਫ਼ਿਰੋਜ਼ਪੁਰ ਸ਼ਹਿਰ ਸਥਿਤ ਸਮਸ਼ਾਨਘਾਟ ਵਿਖੇ ਕੀਤਾ ਗਿਆ। ਇਸ ਮੌਕੇ ਤੇ ਭਾਰੀ ਗਿਣਤੀ ਵਿਚ ਧਾਰਮਿਕ ਜਥੇਬੰਦੀਆਂ ਦੇ ਆਗੂ ਮੁਲਾਜ਼ਮ, ਸੀਨੀਅਰ ਸਿਟੀਜਨ ਫੋਰਮ, ਟੀਚਰ, ਵਕੀਲ, ਪੱਤਰਕਾਰ ਤੋਂ ਇਲਾਵਾ ਰਿਸ਼ਤੇਦਾਰ, ਸਾਕ ਸਬੰਧੀ ਹਾਜ਼ਰ ਸਨ। ਇਥੇ ਇਹ ਦਸਣਯੋਗ ਹੈ ਕਿ ਕਵਿਤਾ ਕਟਾਰੀਆ ਉਰਫ ਆਗਿਆ ਰਾਣੀ ਸਕੂਲ ਟੀਚਰ ਸਨ ਅਤੇ ਉਨ੍ਹਾਂ ਦਾ ਜਨਮ 02—10—1957 ਨੂੰ ਹੋਇਆ, ਉਨ੍ਹਾਂ ਆਪਣੀ ਜਿੰਦਗੀ ਦੀਆਂ 67 ਕੁ ਬਹਾਰਾਂ ਵੇਖ ਕੇ ਸਦਾ—ਸਦਾ ਲਈ ਉਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ, ਉਹ ਬਹੁਤ ਹੀ ਧਾਰਮਿਕ ਖਿਆਲਾਂ ਦੇ ਸੀ ਅਤੇ ਹਰ ਕਿਸੇ ਲੋੜਵੰਦ ਦੀ ਸਹਾਇਤਾ ਵਿਚ ਹਮੇਸ਼ਾ ਮੂਹਰਲੀ ਕਤਾਰ ਵਿਚ ਰਹਿੰਦੇ ਸੀ, ਭਾਵ ਕਿਥੇ ਲੰਗਰ ਲਾਉਣਾ, ਲੋੜਵੰਦਾਂ ਨੂੰ ਹਰ ਮਹੀਨੇ ਆਪਣੀ ਨੇਕ ਕਮਾਈ ਵਿਚੋਂ ਰਾਸ਼ਨ ਵੰਡਦੇ ਸੀ, ਇਸ ਤੋਂ ਇਲਾਵਾ ਉਹ ਹਰ ਖੇਤਰ ਵਿਚ ਆਪਣਾ ਵੱਡਮੁਲਾ ਯੋਗਦਾਨ ਪਾਉਂਦੇ ਸਨ। ਇਸ ਦੁੱਖ ਦੀ ਘੜੀ ਵਿਚ ਸ੍ਰੀ ਓਮ ਪ੍ਰਕਾਸ਼ ਕਟਾਰੀਆ ਨਾਲ ਦੁੱਖ ਸਾਂਝਾ ਕੀਤਾ। ਅਸੀਂ ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਕਿ ਭੈਣ ਕਵਿਤਾ ਕਟਾਰੀਆ ਉਰਫ ਆਗਿਆ ਰਾਣੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ, ਪਿਛੇ ਪਰਿਵਾਰ, ਰਿਸ਼ਤੇਦਾਰਾਂ, ਸਾਕ ਸਬੰਧੀਆਂ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।